ਭਾਰਤ ਦਾ ਇੱਕੋ-ਇੱਕ ਹਫਤਾਵਾਰੀ
ਪੰਜਾਬੀ ਖੇਤੀਬਾੜੀ ਅਖਬਾਰ

# ਖੇਤੀ ਦੁਨੀਆਂ

Rs.10/-

www.khetiduniyan.in

Postage Regd. No. PB/PTA/0338/2025-2027

Editor : Jagpreet Singh • RNI 42269/83 (PUNPUN00806) • Issue Dated 27-06-2026 • Vol.44 No.26 • M. 90410-14575 • Page 16 | E-mail : khetiduniyan1983@gmail.com

Crop® Chemicals
ISO 9001:2015 & 14001:2015 CERTIFIED
ਬਿਹਤਰ ਗੁਣਵੱਤਾ ਬਿਹਤਰ ਫਸਲ



# ਸੁਚੱਜੇ ਕੀਟ ਪ੍ਰਬੰਧਨ ਲਈ ਮੱਕੀ ਵਿੱਚ ਮਿੱਤਰ ਕੀੜਿਆਂ ਦੀ ਪਛਾਣ

ਪਰਮਿੰਦਰ ਸਿੰਘ ਸ਼ੇਰਾ, ਸੁਧੇਂਦੂ ਸ਼ਰਮਾ ਅਤੇ ਰਬਿੰਦਰ ਕੌਰ,
ਕੀਟ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 98722-05425)

ਮੱਕੀ ਦੀ ਫ਼ਸਲ ਵਿੱਚ ਕਈ ਕਿਸਮਾਂ ਦੇ ਮਿੱਤਰ ਜੀਵ ਵੀ ਮਿਲਦੇ ਹਨ। ਇਨ੍ਹਾਂ ਮਿੱਤਰ ਜੀਵਾਂ ਵਿੱਚ ਪਰਜੀਵੀ (ਸ਼ਿਕਾਰੀ) ਕੀੜੇ, ਪਰਜੀਵੀ ਕੀੜੇ ਅਤੇ ਹਾਨੀਕਾਰਕ ਕੀੜਿਆਂ ਨੂੰ ਲੱਗਣ ਵਾਲੇ ਕਈ ਤਰ੍ਹਾਂ ਦੇ ਰੋਗ ਸ਼ਾਮਿਲ ਹਨ। ਇਹ ਮਿੱਤਰ ਜੀਵ ਫ਼ਸਲਾਂ ਦੇ ਹਾਨੀਕਾਰਕ ਕੀੜਿਆਂ ਨੂੰ ਨਸ਼ਟ ਕਰਨ ਅਤੇ ਕੁਦਰਤੀ ਸੰਤੁਲਨ ਬਣਾਉਣ ਵਿੱਚ ਸਾਡੀ ਮੱਦਦ ਕਰਦੇ ਹਨ। ਪਰ ਕਈ ਗਤੀਵਿਧੀਆਂ, ਜਿਵੇਂ ਕਿ ਕੀਟਨਾਸ਼ਕਾਂ ਦੀ ਅੰਧਾਧੁੰਦ ਵਰਤੋਂ ਇਸ ਸੰਤੁਲਨ ਨੂੰ ਵਿਗਾੜ ਦਿੰਦੀ ਹੈ। ਇਨ੍ਹਾਂ ਕੀਟਨਾਸ਼ਕਾਂ ਦੇ ਵਾਤਾਵਰਣ ਉੱਤੇ ਮਾੜੇ ਅਸਰ ਨੂੰ



ਧਿਆਨ ਵਿੱਚ ਰੱਖਦੇ ਹੋਏ, ਮਿੱਤਰ ਕੀੜਿਆਂ ਦੀ ਮਹੱਤਤਾ ਬਾਰੇ ਜਾਣੂ ਹੋਣਾ ਬਹੁਤ ਜ਼ਰੂਰੀ ਹੈ। ਹੇਠਾਂ ਕਿਸਾਨ ਵੀਰਾਂ ਲਈ ਮੱਕੀ ਦੀ ਫ਼ਸਲ ਵਿੱਚ ਮਿਲਣ ਵਾਲੇ ਮਿੱਤਰ ਕੀੜਿਆਂ ਦੀ ਪਛਾਣ ਅਤੇ ਸਾਂਭ-ਸੰਭਾਲ ਸੰਬੰਧੀ ਜਾਣਕਾਰੀ ਦਿੱਤੀ ਗਈ ਹੈ। (ਸਾਰਣੀ-1)

**ਪਰਜੀਵੀ ਜਾਂ ਸ਼ਿਕਾਰੀ ਮਿੱਤਰ ਕੀੜੇ :** ਇਹ ਕੀੜੇ ਆਪਣੇ ਪੂਰੇ ਜੀਵਨ ਕਾਲ ਵਿੱਚ ਹਾਨੀਕਾਰਕ ਕੀੜਿਆਂ ਦਾ ਸ਼ਿਕਾਰ ਕਰਕੇ ਜਿਉਂਦੇ ਰਹਿੰਦੇ ਹਨ। ਇਹ ਬਹੁਤ ਤੇਜ਼ੀ ਨਾਲ ਦੁਸ਼ਮਣ ਕੀੜਿਆਂ ਦੇ ਆਂਡੇ ਅਤੇ ਛੋਟੇ ਬੱਚਿਆਂ ਨੂੰ ਮਾਰ ਕੇ ਖਾ ਜਾਂਦੇ ਹਨ। ਇਕ ਪਰਜੀਵੀ ਕੀੜਾ ਕਈ ਕੀੜਿਆਂ ਨੂੰ ਖਾ ਕੇ ਆਪਣਾ ਜੀਵਨ ਚੱਕਰ ਪੂਰਾ ਕਰਦਾ ਹੈ। ਮੱਕੀ ਦੀ ਫ਼ਸਲ ਵਿੱਚ ਛੇ ਕਿਸਮਾਂ ਦੇ ਪਰਜੀਵੀ ਮਿੱਤਰ ਕੀੜੇ ਮਿਲਦੇ ਹਨ। ਇਨ੍ਹਾਂ ਵਿੱਚ ਕਾਇਲੋਮੀਨਸ ਸੈਕਸਮੈਕੁਲੇਟਾ (ਵਿੰਗੀਆਂ ਧਾਰੀਆਂ ਵਾਲੀ ਭੂੰਡੀ), ਪੈਡਰਸ ਫੁਸਕੀਪਸ (ਰੋਵ ਭੂੰਡੀ), ਨਿਓਸਕੋਨਾ ਥੀਸੀ (ਮੱਕੜੀ), ਆਕਸੀਓਪਸ ਓਰਾਈਜ਼ੀ (ਮੱਕੜੀ), ਪੋਲੀਸਟਿਸ ਓਲੀਵੇਸ਼ੀਅਸ (ਪੀਲਾ ਭਰਿੰਡ), ਕੈਰਾਬਸ ਭੂੰਡੀ (ਜ਼ਮੀਨੀ ਬੀਟਲ) ਸ਼ਾਮਿਲ ਹਨ।

**ਪਰਜੀਵੀ ਮਿੱਤਰ ਕੀੜੇ :** ਇਹ ਉਹ ਮਿੱਤਰ ਕੀੜੇ ਹਨ ਜਿਹੜੇ ਦੁਸ਼ਮਣ ਕੀੜਿਆਂ (ਮੇਜ਼ਬਾਨ) ਦੇ ਸ਼ਰੀਰ ਦੇ ਅੰਦਰ ਜਾਂ ਉੱਪਰ ਰਹਿੰਦੇ ਹਨ ਅਤੇ ਆਪਣਾ ਜੀਵਨ ਚੱਕਰ ਪੂਰਾ ਕਰਦੇ ਹਨ। ਜ਼ਿਆਦਾਤਰ ਪਰਜੀਵੀ ਕੀੜੇ ਆਪਣੀ ਬੱਚਾ ਅਵਸਥਾ ਮੇਜ਼ਬਾਨ ਕੀੜੇ ਦੇ ਅੰਦਰ ਪੂਰੀ ਕਰਦੇ ਹਨ ਅਤੇ ਅੰਤ ਵਿੱਚ ਮੇਜ਼ਬਾਨ ਕੀੜੇ ਨੂੰ ਮਾਰ ਕੇ ਉਸ ਦੇ ਸਰੀਰ ਵਿੱਚੋਂ ਬਾਲਗ ਵਜੋਂ ਬਾਹਰ ਨਿਕਲ ਜਾਂਦੇ ਹਨ। ਦੁਸ਼ਮਣ ਕੀੜੇ ਦੀ ਜੀਵਨ ਅਵਸਥਾ ਦੇ ਆਧਾਰ ਤੇ ਇਨ੍ਹਾਂ ਦੀਆਂ ਵੱਖ-ਵੱਖ ਕਿਸਮਾਂ ਹੁੰਦੀਆਂ ਹਨ।

**ਆਂਡੇ ਦੇ ਪਰਜੀਵੀ ਮਿੱਤਰ ਕੀੜੇ :** ਪਰਜੀਵੀ ਕੀੜੇ ਦੇ ਬਾਲਗ ਦੁਸ਼ਮਣ ਕੀੜੇ ਦੇ ਆਂਡਿਆਂ ਤੇ ਹਮਲਾ ਕਰਦੇ ਹਨ। ਇਹ ਹਾਨੀਕਾਰਕ ਕੀੜਿਆਂ ਨੂੰ ਆਂਡੇ ਵਾਲੀ ਅਵਸਥਾ ਵਿੱਚ ਹੀ ਮਾਰ ਦਿੰਦੇ ਹਨ ਜਿਸ ਨਾਲ ਕੀੜਿਆਂ ਦੇ ਸੁੰਡੀ ਬਣ ਕੇ ਫ਼ਸਲ ਨੂੰ ਹੋਣ ਵਾਲੇ ਨੁਕਸਾਨ ਤੋਂ ਬਚਾਅ ਹੋ ਜਾਂਦਾ ਹੈ ਜਿਵੇਂ ਕਿ ਟ੍ਰਾਈਕੋਗਰਾਮਾ ਜਾਤੀ ਦੇ ਮਿੱਤਰ ਕੀੜੇ।

**ਅੰਡਾ-ਸੁੰਡੀ ਦੇ ਪਰਜੀਵੀ ਮਿੱਤਰ ਕੀੜੇ :** ਇਹ ਮਿੱਤਰ ਕੀੜੇ ਦੁਸ਼ਮਣ ਕੀੜੇ ਦੇ ਆਂਡਿਆਂ ਤੇ ਹਮਲਾ ਕਰਦੇ ਹਨ ਪਰ ਇਹਨਾਂ ਦੇ ਬਾਲਗ ਦੁਸ਼ਮਣ ਕੀੜੇ ਦੀ ਸੁੰਡੀ ਅਵਸਥਾ ਵਿੱਚੋਂ ਬਾਹਰ ਨਿਕਲਦੇ ਹਨ, ਜਿਵੇਂ ਕਿ ਕਿਲੋਨਿਸ ਫੋਰਮੋਸੇਨਸ ਅਤੇ ਕਿਲੋਨਿਸ ਬਲੈਕਬਰਨੀ।

**ਸੁੰਡੀਆਂ ਦੇ ਪਰਜੀਵੀ ਮਿੱਤਰ ਕੀੜੇ :** ਇਸ ਪਰਜੀਵੀ ਕੀੜੇ ਦੇ ਬਾਲਗ ਦੁਸ਼ਮਣ ਕੀੜੇ ਦੀਆਂ ਸੁੰਡੀਆਂ ਉੱਤੇ ਹਮਲਾ ਕਰਦੇ ਹਨ। ਇਹਨਾਂ ਦੀ ਸੰਤਾਨ ਆਪਣਾ ਜੀਵਨ-ਚੱਕਰ ਸੁੰਡੀਆਂ ਦੇ ਅੰਦਰ ਜਾਂ ਉੱਪਰ ਬਤੀਤ ਕਰਦੀ ਹੈ ਅਤੇ ਜੀਵਨ-ਚੱਕਰ ਪੂਰਾ ਹੋਣ ਤੋਂ ਬਾਅਦ ਇਸ ਦੇ ਬਾਲਗ ਸੁੰਡੀਆਂ ਨੂੰ ਮਾਰ ਕੇ ਬਾਹਰ ਨਿਕਲ ਜਾਂਦੇ ਹਨ, ਜਿਵੇਂ ਕਿ ਕੈਪੋਲੇਟਿਸ ਕਲੋਰਿਡੀ, ਚੈਰੋਪਸ ਬਾਈਕਲਰ, ਕੋਟੀਸੀਆ ਰੁਫਿਕ੍ਰਸ, ਮਾਈਕ੍ਰੋਪਲਾਈਟਿਸ ਪ੍ਰੋਡੀਨੀਆਈ, ਟੇਮੇਲੂਚਾ ਪ੍ਰਜਾਤੀ ਅਤੇ ਕੋਕਸੀਜੀਡੀਅਮ ਪ੍ਰਜਾਤੀ।

**ਕੀੜਿਆਂ ਨੂੰ ਲੱਗਣ ਵਾਲੇ ਜੀਵਾਣੂ ਰੋਗ :** ਇਹ ਉਹ ਰੋਗਾਣੂ (ਸੂਖਮ ਜੀਵ) ਹੁੰਦੇ ਹਨ ਜਿਹੜੇ ਦੁਸ਼ਮਣ ਕੀੜਿਆਂ ਵਿੱਚ ਬਿਮਾਰੀ ਪੈਦਾ ਕਰਕੇ ਉਹਨਾਂ ਨੂੰ ਖ਼ਤਮ ਕਰ ਦਿੰਦੇ ਹਨ ਅਤੇ ਕੁਦਰਤੀ ਤੌਰ ਤੇ ਕੀੜਿਆਂ ਦੀ ਗਿਣਤੀ ਘਟਾਉਣ ਵਿੱਚ ਸਾਡੀ ਮਦਦ ਕਰਦੇ ਹਨ। ਮੱਕੀ ਵਿੱਚ ਵਿਸ਼ਾਣੂ ਸੂਖਮ ਜੀਵ ਕਾਰਨ ਬਿਮਾਰੀ ਵਾਲੀਆਂ ਫ਼ਾਲ ਆਰਮੀਵਰਮ ਦੀਆਂ ਸੁੰਡੀਆਂ ਮਿਲਦੀਆਂ ਹਨ, ਜਿਸਨੂੰ ਫ਼ਾਲ ਆਰਮੀਵਰਮ ਵਾਇਰਸ ਰੋਗ ਕਿਹਾ ਜਾਂਦਾ ਹੈ। ਇਸ ਵਾਇਰਸ ਨਾਲ ਪ੍ਰਭਾਵਿਤ ਸੁੰਡੀਆਂ ਘੱਟ ਖ਼ੁਰਾਕ ਖਾਂਦੀਆਂ ਹਨ, ਸੁਸਤ ਹੋ ਜਾਂਦੀਆਂ ਹਨ, ਸਰੀਰ ਦਾ ਰੰਗ ਬਦਲ ਜਾਂਦਾ ਹੈ ਅਤੇ ਮਰਨ ਤੋਂ ਪਹਿਲਾਂ ਅਕਸਰ ਪੱਤਿਆਂ ਨਾਲ ਲਟਕੀਆਂ ਹੋਈਆਂ ਦਿਖਾਈ ਦਿੰਦੀਆਂ ਹਨ।

## ਫ਼ਸਲ ਦੇ ਮਿੱਤਰ ਕੀੜਿਆਂ ਨੂੰ ਕਿਵੇਂ ਬਚਾਈਏ ?

ਮੱਕੀ ਫ਼ਸਲ ਦੀ ਵੱਧ ਪੈਦਾਵਾਰ ਲੈਣ ਵਿੱਚ ਹਾਨੀਕਾਰਕ ਕੀੜੇ ਇੱਕ ਮੁੱਖ ਅੜਿੱਕਾ ਹਨ। ਆਮ ਤੌਰ ਤੇ ਇਨ੍ਹਾਂ ਹਾਨੀਕਾਰਕ ਕੀੜਿਆਂ ਤੋਂ ਫ਼ਸਲ ਦੀ ਰੋਕਥਾਮ ਲਈ ਰਸਾਇਣਕ ਕੀਟਨਾਸ਼ਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਪਰ ਇਨ੍ਹਾਂ ਕੀਟਨਾਸ਼ਕਾਂ ਦੀ ਦੁਰਵਰਤੋਂ ਅਤੇ ਵਧੇਰੇ ਵਰਤੋਂ ਨਾਲ ਕਈ ਮਾੜੇ ਅਸਰ ਜਿਵੇਂ ਕਿ ਕੀੜਿਆਂ ਵਿੱਚ ਜ਼ਹਿਰ ਸਹਿਣ ਕਰਨ ਦੀ ਸ਼ਕਤੀ, ਮਿੱਤਰ ਕੀੜਿਆਂ ਅਤੇ ਮਿੱਟੀ ਵਿੱਚ ਰਹਿਣ ਵਾਲੇ ਸੂਖਮ ਜੀਵਾਂ ਵਿੱਚ ਕਮੀ, ਹਾਨੀਕਾਰਕ ਕੀੜਿਆਂ ਦੀ ਸਮੱਸਿਆ ਵਿੱਚ ਵਾਧਾ, ਵਾਤਾਵਰਣ ਅਤੇ ਖਾਸ ਕਰਕੇ ਖਾਣ ਪੀਣ ਦੀਆਂ ਚੀਜ਼ਾਂ ਵਿੱਚ ਜ਼ਹਿਰਾਂ ਦੀ ਰਹਿੰਦ ਖੂੰਹਦ, ਆਦਿ ਵੇਖਣ ਨੂੰ ਮਿਲਦੇ ਹਨ। ਮਨੁੱਖੀ ਸਿਹਤ ਤੇ ਹੋਣ ਵਾਲੇ ਨੁਕਸਾਨ ਤੋਂ ਇਲਾਵਾ, ਕੀਟਨਾਸ਼ਕਾਂ ਦੀ ਵਰਤੋਂ ਅਤੇ ਖਾਸ ਤੌਰ ਤੇ ਲੋੜ ਤੋਂ ਵੱਧ ਵਰਤੋਂ ਨਾਲ ਖਰਚਾ ਵੀ ਵੱਧ ਹੁੰਦਾ ਹੈ ਅਤੇ ਵਾਤਾਵਰਣ ਵੀ ਪ੍ਰਦੂਸ਼ਤ ਹੁੰਦਾ ਹੈ। ਇਸ ਲਈ ਲੋੜ ਹੈ ਕਿ ਇਨ੍ਹਾਂ ਕੀਟਨਾਸ਼ਕਾਂ ਦੀ ਵਰਤੋਂ ਨੂੰ ਵੱਧ ਤੋਂ ਵੱਧ ਘਟਾ ਕੇ ਹਾਨੀਕਾਰਕ ਕੀੜਿਆਂ ਦੀ ਰੋਕਥਾਮ ਲਈ ਹੋਰ ਬਦਲਵੇਂ/ਗੈਰ-ਰਸਾਇਣਕ ਤਰੀਕਿਆਂ ਨੂੰ ਤਰਜੀਹ ਦਿੱਤੀ ਜਾਵੇ ਤਾਂ ਜੋ ਵਾਤਾਵਰਣ ਨੂੰ ਰਸਾਇਣਕ ਕੀਟਨਾਸ਼ਕਾਂ ਦੇ ਮਾੜੇ ਪ੍ਰਭਾਵਾਂ ਤੋਂ ਬਚਾਇਆ ਜਾ ਸਕੇ। ਗੈਰ-ਰਸਾਇਣਕ ਢੰਗਾਂ ਵਿੱਚ ਜੈਵਿਕ ਕੀਟ-ਸੁਰੱਖਿਆ (ਬਾਇਓਕੰਟ੍ਰੋਲ) ਇਨ੍ਹਾਂ ਦੁਸ਼ਮਣ ਕੀੜਿਆਂ ਨੂੰ ਕਾਬੂ ਕਰਨ ਲਈ ਇੱਕ ਵਧੀਆ ਵਾਤਾਵਰਨ-ਅਨੁਕੂਲ ਬਦਲ ਹੈ।

ਹਾਨੀਕਾਰਕ ਕੀੜਿਆਂ ਅਤੇ ਉਨ੍ਹਾਂ ਵਲੋਂ ਕੀਤੇ ਜਾਣ ਵਾਲੇ ਨੁਕਸਾਨ ਅਤੇ ਮਿੱਤਰ ਕੀੜਿਆਂ ਦੀ ਸਹੀ ਪਛਾਣ ਹੋਣੀ ਬਹੁਤ ਮਹੱਤਵਪੂਰਣ ਹੈ। ਕਈ ਵਾਰ ਕਿਸਾਨ ਵੀਰ ਫ਼ਸਲਾਂ ਉੱਤੇ ਮਿੱਤਰ ਕੀੜਿਆਂ ਦੀ ਪਛਾਣ ਨਾ ਹੋਣ ਕਾਰਣ ਇਨ੍ਹਾਂ ਨੂੰ ਹਾਨੀਕਾਰਕ ਕੀੜੇ ਸਮਝ ਕੇ ਕੀਟਨਾਸ਼ਕਾਂ ਦਾ ਛਿੜਕਾਅ ਕਰ ਦਿੰਦੇ ਹਨ, ਪਰ ਇਹ ਮਿੱਤਰ ਕੀੜੇ ਫ਼ਸਲ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਂਦੇ ਅਤੇ ਆਪਣੀ ਮਦਦ ਕਰਦੇ ਹਨ। ਇਸ ਲਈ ਹਾਨੀਕਾਰਕ ਅਤੇ ਮਿੱਤਰ ਕੀੜਿਆਂ ਵਿੱਚ ਅੰਤਰ ਦੀ ਸਹੀ ਜਾਣਕਾਰੀ ਹੋਣੀ ਚਾਹੀਦੀ ਹੈ। ਕਿਸਾਨ ਵੀਰ ਹਾਨੀਕਾਰਕ ਅਤੇ ਮਿੱਤਰ ਕੀੜਿਆਂ ਦੀ ਸਹੀ ਜਾਣਕਾਰੀ ਲਈ ਵੱਖ-ਵੱਖ ਜ਼ਿਲ੍ਹਿਆਂ ਵਿੱਚ ਸਥਿਤ ਕ੍ਰਿਸ਼ੀ ਵਿਗਿਆਨ ਕੇਂਦਰਾਂ ਜਾਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਤੋਂ ਮਾਹਿਰਾਂ ਦੀ ਸਲਾਹ ਲੈ ਸਕਦੇ ਹਨ।

**ਪੰਜਾਬ ਵਿੱਚ ਮੱਕੀ ਦੀ ਫ਼ਸਲ ਤੇ ਮਿਲਣ ਵਾਲੇ ਮਿੱਤਰ ਜੀਵ**

| ਨਾਮ | ਸ਼੍ਰੇਣੀ |
|---|---|
| ਟ੍ਰਾਈਕੋਗਰਾਮਾ ਕਿਲੋਨਿਸ | ਅੰਡੇ ਨਸ਼ਟ ਕਰਨ ਵਾਲਾ ਪਰਜੀਵੀ ਮਿੱਤਰ ਕੀੜਾ |
| ਕਿਲੋਨਿਸ ਫੋਰਮੋਸੇਨਸ | ਅੰਡੇ-ਸੁੰਡੀਆਂ ਨਸ਼ਟ ਕਰਨ ਵਾਲਾ ਪਰਜੀਵੀ ਮਿੱਤਰ ਕੀੜਾ |
| ਕਿਲੋਨਿਸ ਬਲੈਕਬਰਨੀ | ਅੰਡੇ-ਸੁੰਡੀਆਂ ਨਸ਼ਟ ਕਰਨ ਵਾਲਾ ਪਰਜੀਵੀ ਮਿੱਤਰ ਕੀੜਾ |
| ਕੈਪੋਲੇਟਿਸ ਕਲੋਰਿਡੀ | ਸੁੰਡੀਆਂ ਨਸ਼ਟ ਕਰਨ ਵਾਲਾ ਪਰਜੀਵੀ ਮਿੱਤਰ ਕੀੜਾ |
| ਚੈਰੋਪਸ ਬਾਈਕਲਰ | ਸੁੰਡੀਆਂ ਨਸ਼ਟ ਕਰਨ ਵਾਲਾ ਪਰਜੀਵੀ ਮਿੱਤਰ ਕੀੜਾ |
| ਕੋਟੀਸੀਆ ਰੁਫਿਕ੍ਰਸ | ਸੁੰਡੀਆਂ ਨਸ਼ਟ ਕਰਨ ਵਾਲਾ ਪਰਜੀਵੀ ਮਿੱਤਰ ਕੀੜਾ |
| ਮਾਈਕ੍ਰੋਪਲਾਈਟਿਸ ਪ੍ਰੋਡੀਨੀਆਈ | ਸੁੰਡੀਆਂ ਨਸ਼ਟ ਕਰਨ ਵਾਲਾ ਪਰਜੀਵੀ ਮਿੱਤਰ ਕੀੜਾ |
| ਟੇਮੇਲੂਚਾ ਪ੍ਰਜਾਤੀ | ਸੁੰਡੀਆਂ ਨਸ਼ਟ ਕਰਨ ਵਾਲਾ ਪਰਜੀਵੀ ਮਿੱਤਰ ਕੀੜਾ |
| ਕੋਕਸੀਜੀਡੀਅਮ ਪ੍ਰਜਾਤੀ | ਸੁੰਡੀਆਂ ਨਸ਼ਟ ਕਰਨ ਵਾਲਾ ਪਰਜੀਵੀ ਮਿੱਤਰ ਕੀੜਾ |
| ਕਾਇਲੋਮੀਨਸ ਸੈਕਸਮੈਕੁਲੇਟਾ (ਵਿੰਗੀਆਂ ਧਾਰੀਆਂ ਵਾਲੀ ਭੂੰਡੀ) | ਪਰਜੀਵੀ (ਸ਼ਿਕਾਰੀ) ਮਿੱਤਰ ਕੀੜਾ |
| ਪੈਡਰਸ ਫੁਸਕੀਪਸ (ਰੋਵ ਭੂੰਡੀ) | ਪਰਜੀਵੀ (ਸ਼ਿਕਾਰੀ) ਮਿੱਤਰ ਕੀੜਾ |
| ਨਿਓਸਕੋਨਾ ਥੀਸੀ (ਮੱਕੜੀ) | ਪਰਜੀਵੀ (ਸ਼ਿਕਾਰੀ) ਮਿੱਤਰ ਕੀੜਾ |
| ਆਕਸੀਓਪਸ ਓਰਾਈਜ਼ੀ (ਮੱਕੜੀ) | ਪਰਜੀਵੀ (ਸ਼ਿਕਾਰੀ) ਮਿੱਤਰ ਕੀੜਾ |
| ਪੋਲੀਸਟਿਸ ਓਲੀਵੇਸ਼ੀਅਸ (ਪੀਲਾ ਭਰਿੰਡ) | ਪਰਜੀਵੀ (ਸ਼ਿਕਾਰੀ) ਮਿੱਤਰ ਕੀੜਾ |
| ਕੈਰਾਬਸ ਭੂੰਡੀ (ਜ਼ਮੀਨੀ ਬੀਟਲ) | ਪਰਜੀਵੀ (ਸ਼ਿਕਾਰੀ) ਮਿੱਤਰ ਕੀੜਾ |
| ਫ਼ਾਲ ਆਰਮੀਵਰਮ ਵਾਇਰਸ ਰੋਗ | ਸੁੰਡੀਆਂ ਨਸ਼ਟ ਕਰਨ ਵਾਲਾ ਵਿਸ਼ਾਣੂ ਰੋਗ |

ਹਾਨੀਕਾਰਕ ਕੀੜਿਆਂ ਦੀ ਸਰਵਪੱਖੀ ਢੰਗਾਂ ਜਿਵੇਂ ਕਿ ਖੇਤੀ ਵਿਧੀਆਂ (ਸਮੇਂ ਸਿਰ ਬਿਜਾਈ, ਖਾਦਾਂ ਅਤੇ ਪਾਣੀ ਦੀ ਸੁਚੱਜੀ ਵਰਤੋਂ), ਜੈਵਿਕ (ਪਰਜੀਵੀ ਕੀੜੇ, ਪਰਜੀਵੀ ਕੀੜੇ ਅਤੇ ਕੀਟ ਰੋਗਾਣੂ) ਜਾਂ ਮਕੈਨਿਕਲ (ਆਂਡਿਆਂ ਅਤੇ ਛੋਟੀਆਂ ਸੁੰਡੀਆਂ ਨੂੰ ਇਕੱਠਾ ਕਰਕੇ ਨਸ਼ਟ ਕਰਨਾ), ਆਦਿ ਢੰਗਾਂ ਰਾਹੀਂ ਰੋਕਥਾਮ ਕਰੋ। ਇਸ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਲੋਂ ਕੀਤੀਆਂ 'ਹਾਨੀਕਾਰਕ ਕੀੜਿਆਂ ਦੀ ਸਰਵਪੱਖੀ ਰੋਕਥਾਮ' ਦੀਆਂ ਸਿਫ਼ਾਰਸ਼ਾਂ ਤੇ ਅਮਲ ਕਰੋ।

ਮੱਕੀ ਦੀ ਬਿਜਾਈ ਸਿਫ਼ਾਰਸ਼ ਸਮੇਂ ਅਨੁਸਾਰ ਕਰੋ। ਨਾਲ ਲਗਦੇ ਖੇਤਾਂ ਵਿੱਚ ਮੱਕੀ ਦੀ ਬਿਜਾਈ ਥੋੜ੍ਹੇ-ਥੋੜ੍ਹੇ ਵਕਫ਼ੇ ਤੇ ਨਾ ਕਰੋ ਤਾਂ ਜੋ ਕੀੜੇ ਦਾ ਫਲਾਅ ਘਟਾਇਆ ਜਾ ਸਕੇ।

ਗੋਡੀ ਕਰਦੇ ਸਮੇਂ ਗੜੂੰਏਂ ਦੇ ਜ਼ਿਆਦਾ ਹਮਲੇ ਵਾਲੇ ਬੂਟੇ ਪੁੱਟ ਕੇ ਨਸ਼ਟ ਕਰ ਦਿਉ।

ਖੇਤਾਂ ਦਾ ਲਗਾਤਾਰ ਸਰਵੇਖਣ ਕਰੋ ਅਤੇ ਪੱਤਿਆਂ ਉੱਪਰ ਦਿੱਤੇ ਫ਼ਾਲ ਆਰਮੀਵਰਮ ਦੇ ਆਂਡਿਆਂ ਨੂੰ ਨਸ਼ਟ ਕਰ ਦਿਉ। ਆਂਡਿਆਂ ਦੇ ਝੁੰਡ ਲਈ ਨਾਲ ਢੱਕੇ ਹੁੰਦੇ ਹਨ ਅਤੇ ਅਸਾਨੀ ਨਾਲ ਦਿੱਖ ਜਾਂਦੇ ਹਨ।

ਮੱਕੀ ਦੇ ਗੜੂੰਏਂ (ਤਣੇ ਦੀ ਸੁੰਡੀ) ਨੂੰ ਨਸ਼ਟ ਕਰਨ ਲਈ ਮਿੱਤਰ ਕੀੜੇ ਜਿਵੇਂ ਕਿ ਟਰਾਈਕੋਗਰਾਮਾ ਕਿਲੋਨਿਸ ਦੀ ਸਿਫ਼ਾਰਿਸ਼ ਕੀਤੀ ਗਈ ਹੈ। ਇਹ ਮਿੱਤਰ ਕੀੜੇ ਪ੍ਰਯੋਗਸ਼ਾਲਾ ਵਿਚ ਤਿਆਰ ਕੀਤੇ ਗਏ ਟਰਾਈਕੋ-ਕਾਰਡਾਂ ਰਾਹੀਂ ਕਿਸਾਨਾਂ ਦੇ ਖੇਤਾਂ ਵਿੱਚ ਛੱਡੇ ਜਾਂਦੇ ਹਨ। ਇਸ ਮਿੱਤਰ ਕੀੜੇ ਦੇ ਬਾਲਗ ਦੁਸ਼ਮਣ ਕੀੜੇ ਦੇ ਅੰਡੇ ਅੰਦਰ ਆਪਣੇ ਅੰਡੇ ਦੇ ਦਿੰਦੇ ਹਨ। ਇਸਦੇ ਬੱਚੇ ਦੁਸ਼ਮਣ ਕੀੜੇ ਦੇ ਅੰਡੇ ਦੇ ਅੰਦਰ ਪਲਦੇ ਹਨ ਅਤੇ ਆਪਣਾ ਜੀਵਨ ਪੂਰਾ ਕਰਦੇ ਹਨ ਅਤੇ ਅੰਤ ਉਸਨੂੰ ਖ਼ਤਮ ਕਰ ਦਿੰਦੇ ਹਨ। ਮੱਕੀ ਦੇ ਤਣੇ ਦੇ ਗੜੂੰਏਂ ਦੀ ਰੋਕਥਾਮ ਲਈ ਇਹ ਟਰਾਈਕੋ-ਕਾਰਡ ਦੋ ਵਾਰ-ਪਹਿਲੀ ਵਾਰੀ 10 ਦਿਨ ਦੀ ਫ਼ਸਲ ਤੇ ਅਤੇ ਦੂਜੀ ਵਾਰੀ 17 ਦਿਨ ਦੀ ਫ਼ਸਲ ਤੇ ਛੱਡਣ ਦੀ ਸਿਫ਼ਾਰਿਸ਼ ਕੀਤੀ ਗਈ ਹੈ। ਇਸ ਲਈ ਦੋ ਟਰਾਈਕੋ-ਕਾਰਡਾਂ ਨੂੰ 5×1.5 ਸੈਂ. ਮੀ. ਦੇ ਆਕਾਰ ਦੇ 40 ਹਿੱਸਿਆਂ ਵਿਚ ਬਰਾਬਰ ਕੱਟ ਲਵੋ, ਹਰ ਛੋਟੇ ਹਿੱਸੇ ਉੱਪਰ ਤਕਰੀਬਨ 1000 ਪਰਜੀਵੀ ਕਿਰਿਆ ਕੀਤੇ ਹੋਏ ਅੰਡੇ ਲੱਗੇ ਹੁੰਦੇ ਹਨ। ਇਨ੍ਹਾਂ ਹਿੱਸਿਆਂ ਨੂੰ ਮੱਕੀ ਦੇ ਬੂਟੇ ਦੀ ਵਿਚਲੀ ਗੋਭ ਦੇ ਪੱਤਿਆਂ ਦੇ ਹੇਠਲੇ ਪਾਸੇ ਸ਼ਾਮ ਦੇ ਸਮੇਂ ਇੱਕ ਏਕੜ ਖੇਤ ਵਿੱਚ ਬਰਾਬਰ ਦੂਰੀ ਤੇ 40 ਥਾਂਵਾਂ ਤੇ ਪਿੰਨ ਨਾਲ ਨੱਥੀ ਕਰੋ। ਇਹ ਕਾਰਡ ਮੀਂਹ ਵਾਲੇ ਦਿਨ ਨਹੀਂ ਵਰਤਣੇ ਚਾਹੀਦੇ। ਇਹ ਟਰਾਈਕੋਕਾਰਡ ਕੀਟ ਵਿਗਿਆਨ ਵਿਭਾਗ, ਪੀ. ਏ. ਯੂ. ਲੁਧਿਆਣਾ ਅਤੇ ਖੇਤਰੀ ਖੋਜ ਕੇਂਦਰ ਗੁਰਦਾਸਪੁਰ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ।

ਫ਼ਾਲ ਆਰਮੀਵਰਮ ਦੀ ਰੋਕਥਾਮ ਲਈ ਮਿੱਟੀ ਅਤੇ ਜੈਵਿਕ ਕੀਟਨਾਸ਼ਕ ਦੇ ਮਿਸ਼ਰਣ (ਲਗਭਗ ਅੱਧਾ ਗ੍ਰਾਮ) ਨੂੰ ਹਮਲੇ ਵਾਲੀਆਂ ਗੋਭਾਂ ਵਿੱਚ ਪਾਓ। ਮਿਸ਼ਰਣ ਬਣਾਉਣ ਲਈ ਬੈਸੀਲਸ ਥੁਰੀਨਜਿਐਨਸਿਸ ਕੁਰਸਟਾਕੀ ਅਧਾਰਤ ਜੈਵਿਕ ਕੀਟਨਾਸ਼ਕ, ਡੇਲਫਿਨ ਡਬਲਯੂ ਜੀ (25 ਗ੍ਰਾਮ) ਜਾਂ ਡਾਈਪਲ 8 ਐਲ (25 ਮਿਲੀਲਿਟਰ) ਨੂੰ ਇੱਕ ਕਿਲੋ ਮਿੱਟੀ ਵਿੱਚ ਚੰਗੀ ਤਰ੍ਹਾਂ ਮਿਲਾਓ। ਮਿਸ਼ਰਣ ਬਣਾਉਣ ਅਤੇ ਪਾਉਣ ਸਮੇਂ ਦਸਤਾਨੇ ਜ਼ਰੂਰ ਪਾਉਣੇ ਚਾਹੀਦੇ ਹਨ।







# ਘੱਟ ਲਾਗਤ ਵਿੱਚ ਵੱਧ ਝਾੜ ਸਾਉਣੀ ਦੀਆਂ ਫ਼ਸਲਾਂ ਲਈ ਖਾਦ ਪ੍ਰਬੰਧਨ ਦੇ ਨੁਕਤੇ

ਗਗਨਦੀਪ ਧਵਨ ਅਤੇ ਮਨਜੀਤ ਕੌਰ, ਕ੍ਰਿਸ਼ੀ ਵਿਗਿਆਨ ਕੇਂਦਰ, ਕਪੂਰਥਲਾ (ਮੋ. 70098-69607)

ਖਾਦਾਂ ਦੀ ਵਰਤੋਂ ਮਿੱਟੀ ਪਰਖ ਦੇ ਆਧਾਰ ’ਤੇ ਕੀਤੀ ਜਾਵੇ, ਤਾਂ ਜੋ ਇਨ੍ਹਾਂ ਤੋਂ ਪੂਰਾ ਲਾਭ ਲਿਆ ਜਾ ਸਕੇ । ਮਿੱਟੀ ਪਰਖ ਦੇ ਨਤੀਜਿਆਂ ਅਨੁਸਾਰ, ਜ਼ਮੀਨ ਵਿੱਚ ਖੁਰਾਕੀ ਤੱਤਾਂ ਦੀ ਉਪਲੱਬਧਤਾ ਦੇ ਆਧਾਰ ’ਤੇ ਖਾਦਾਂ ਦੀ ਮਾਤਰਾ ਘਟਾਈ ਜਾਂ ਵਧਾਈ ਜਾ ਸਕਦੀ ਹੈ ।

**ਖਾਦ ਪਾਉਣ ਦਾ ਸਮਾਂ :**

★ ਸਾਰੀਆਂ ਫ਼ਸਲਾਂ ਨੂੰ ਸਿਫ਼ਾਰਿਸ਼ ਕੀਤੀ ਸਾਰੀ ਫਾਸਫੋਰਸ ਅਤੇ ਪੋਟਾਸ਼ ਬਿਜਾਈ ਵੇਲੇ ਹੀ ਪਾਓ ।

★ ਝੋਨੇ ਦੀ ਫ਼ਸਲ ਨੂੰ ਯੂਰੀਆ ਖਾਦ ਤਿੰਨ ਬਰਾਬਰ ਹਿੱਸਿਆਂ ਵਿੱਚ ਪਾਓ । ਪਹਿਲੀ ਕਿਸ਼ਤ ਲਵਾਈ ਤੋਂ 7-10 ਦਿਨਾਂ ਬਾਅਦ, ਦੂਜੀ ਕਿਸ਼ਤ 21 ਦਿਨਾਂ ਬਾਅਦ ਅਤੇ ਤੀਜੀ ਕਿਸ਼ਤ ਪੀ ਆਰ 126 ਕਿਸਮ ਵਿੱਚ 35 ਦਿਨਾਂ ਤੇ ਅਤੇ ਹੋਰ ਕਿਸਮਾਂ ਵਿੱਚ 42 ਦਿਨਾਂ ਤੇ ਪਾਓ ।

★ ਬਾਸਮਤੀ ਵਿੱਚ ਯੂਰੀਆ ਦੀ ਸਿਫ਼ਾਰਸ਼ੀ ਮਾਤਰਾ ਦੋ ਬਰਾਬਰ ਹਿੱਸਿਆਂ ਵਿੱਚ ਪਨੀਰੀ ਲਾਉਣ ਤੋਂ 3 ਅਤੇ 6 ਹਫ਼ਤਿਆਂ ਬਾਅਦ ਪਾਓ । ਜੇ ਬਾਸਮਤੀ ਦੀ ਸਿੱਧੀ ਬਿਜਾਈ ਹੋਈ ਹੋਵੇ ਤਾਂ ਯੂਰੀਆ ਤਿੰਨ ਹਿੱਸਿਆਂ ਵਿੱਚ ਬਿਜਾਈ ਤੋਂ 3, 6 ਅਤੇ 9 ਹਫ਼ਤਿਆਂ ਬਾਅਦ ਪਾਓ ।

★ ਮੱਕੀ ਨੂੰ ਯੂਰੀਆ ਤਿੰਨ ਬਰਾਬਰ ਹਿੱਸਿਆਂ ਵਿੱਚ ਬਿਜਾਈ ਸਮੇਂ, ਗੋਡਿਆਂ ਬਰਾਬਰ ਹੋਣ ’ਤੇ ਅਤੇ ਬੂਰ ਪੈਣ ’ਤੇ ਪਾਓ ।

★ ਨਰਮੇ ਨੂੰ ਯੂਰੀਆ ਖਾਦ ਦੇ ਬਰਾਬਰ ਕਿਸ਼ਤਾਂ ਵਿੱਚ, ਅੱਧੀ ਯੂਰੀਆ ਬੂਟੇ ਵਿਰਲੇ ਕਰਨ ਵੇਲੇ ਅਤੇ ਬਾਕੀ ਅੱਧੀ ਫੁੱਲ ਨਿਕਲਣ ਸਮੇਂ ਪਾਓ । ਚੰਗੀ ਪੈਦਾਵਾਰ ਲਈ ਫੁੱਲ ਪੈਣ ’ਤੇ ਬੀ.ਟੀ. ਨਰਮੇ ਵਿੱਚ 2% ਪੋਟਾਸ਼ੀਅਮ ਨਾਈਟ੍ਰੇਟ ਦੇ 4 ਛਿੜਕਾਅ ਹਫ਼ਤੇ-ਹਫ਼ਤੇ ਦੇ ਅੰਤਰ ਨਾਲ ਕਰੋ । ਜੇ ਫੁੱਲ ਪੈਣ ’ਤੇ ਪੱਤੇ ਲਾਲ ਹੋਣ, ਤਾਂ 1% ਮੈਗਨੀਸ਼ੀਅਮ ਸਲਫੇਟ ਦੇ 2 ਛਿੜਕਾਅ 15 ਦਿਨ ਦੇ ਵਕਫੇ ’ਤੇ ਕਰੋ ।

★ ਮੂੰਗੀ, ਮਾਂਹ, ਸੋਇਆਬੀਨ ਅਤੇ ਮੂੰਗਫਲੀ ਨੂੰ ਸਿਫ਼ਾਰਸ਼ ਕੀਤੀਆਂ ਸਾਰੀਆਂ ਖਾਦਾਂ ਬਿਜਾਈ ਸਮੇਂ ਹੀ ਪਾ ਦਿਓ ।

★ ਕਮਾਦ ਨੂੰ ਯੂਰੀਆ ਖਾਦ ਦਾ ਅੱਧਾ ਹਿੱਸਾ ਕਮਾਦ ਜੰਮਣ ਤੋਂ ਬਾਅਦ ਪਹਿਲੇ ਪਾਣੀ ਦੇ ਨਾਲ ਲਾਈਨਾਂ ਨੇੜੇ ਪਾਓ ਅਤੇ ਬਾਕੀ ਅੱਧਾ ਮਈ-ਜੂਨ ਵਿੱਚ ਪਾਓ । ਪੱਤਝੜ ਰੁੱਤ ਦੀ ਕਮਾਦ ਵਿੱਚ ਯੂਰੀਆ ਤਿੰਨ ਬਰਾਬਰ ਹਿੱਸਿਆਂ ਵਿੱਚ ਬਿਜਾਈ ਵੇਲੇ, ਮਾਰਚ ਅਤੇ ਅਪ੍ਰੈਲ ਵਿੱਚ ਪਾਓ । ਮੂਢੇ ਕਮਾਦ ਵਿੱਚ ਯੂਰੀਆ ਤਿੰਨ ਹਿੱਸਿਆਂ ਵਿੱਚ ਫਰਵਰੀ, ਅਪ੍ਰੈਲ ਅਤੇ ਜੂਨ ਦੇ ਸ਼ੁਰੂ ਵਿੱਚ ਪਾਓ । ਫਾਸਫੋਰਸ ਘਾਟ ਵਾਲੀਆਂ ਜ਼ਮੀਨਾਂ ਵਿੱਚ ਫਾਸਫੋਰਸ ਖਾਦ ਨੂੰ ਮਾਰਚ ਮਹੀਨੇ ਵਿੱਚ ਲਾਈਨਾਂ ਦੇ ਨਾਲ ਡਰਿਲ ਰਾਹੀਂ ਪਾਓ ।

**ਛੋਟੇ ਤੱਤਾਂ ਬਾਰੇ ਸਿਫ਼ਾਰਿਸ਼ਾਂ :**

**ਜ਼ਿੰਕ** : ਝੋਨੇ ਵਿੱਚ 25 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ (21%) ਜਾਂ 16 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33%) ਪ੍ਰਤੀ ਏਕੜ ਦੇ ਹਿਸਾਬ ਨਾਲ ਕੱਦੂ ਕਰਨ ਵੇਲੇ ਪਾਓ । ਨਰਮਾ ਅਤੇ ਮੱਕੀ ਵਿੱਚ 10 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ (21%) ਜਾਂ 6.5 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33%) ਪ੍ਰਤੀ ਏਕੜ ਦੇ ਹਿਸਾਬ ਨਾਲ ਬਿਮਾਰੀ ਵੇਲੇ ਪਾਓ । ਜੇ ਮੱਕੀ ਵਿੱਚ ਜ਼ਿੰਕ ਦੀ ਘਾਟ ਦਾ ਪਤਾ ਉਸ ਵੇਲੇ ਲੱਗੇ ਜਦੋਂ ਗੋਡੀ ਕਰਨੀ ਔਖੀ ਹੋਵੇ, ਜਾਂ ਜ਼ਿੰਕ ਸਲਫੇਟ ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ । ਇੱਕ ਏਕੜ ਲਈ 1200 ਗ੍ਰਾਮ ਜ਼ਿੰਕ ਸਲਫੇਟ (ਹੈਪਟਾਹਾਈਡ੍ਰੇਟ 21%), 600 ਗ੍ਰਾਮ ਅਣਬੁਝਿਆ ਚੂਨਾ ਜਾਂ 750 ਗ੍ਰਾਮ ਜ਼ਿੰਕ ਸਲਫੇਟ (ਮੋਨੋਹਾਈਡ੍ਰੇਟ 33%), 375 ਗ੍ਰਾਮ ਅਣਬੁਝਿਆ ਚੂਨਾ ਅਤੇ 200 ਲੀਟਰ ਪਾਣੀ ਦੀ ਵਰਤੋਂ ਕਰੋ ।

**ਲੋਹਾ** : ਹਲਕੀਆਂ ਜ਼ਮੀਨਾਂ ਵਿੱਚ ਝੋਨੇ ਅਤੇ ਕਮਾਦ ਵਿੱਚ ਲੋਹੇ ਦੀ ਘਾਟ ਆ ਸਕਦੀ ਹੈ । ਇਹ ਘਾਟ ਪੂਰੀ ਕਰਨ ਲਈ ਇੱਕ ਕਿਲੋ ਫੈਰਸ ਸਲਫੇਟ ਨੂੰ 100 ਲੀਟਰ ਪਾਣੀ ਵਿੱਚ ਮਿਲਾ ਕੇ ਫ਼ਸਲ ਉੱਤੇ ਛਿੜਕਾਅ ਕਰੋ । ਹਫ਼ਤੇ-ਹਫ਼ਤੇ ਦੇ ਵਕਫੇ ਨਾਲ 2-3 ਛਿੜਕਾਅ ਕਰਨਾ ਲਾਭਦਾਇਕ ਹੈ । ਜੇ ਝੋਨੇ ਦੀ ਪਨੀਰੀ ਦੇ ਉਪਰਲੇ ਪੱਤੇ ਪੀਲੇ ਦਿਸਣ, ਤਾਂ 0.5-1.0 ਫ਼ੀਸਦੀ ਫੈਰਸ ਸਲਫੇਟ ਦਾ ਸਪਰੇਅ ਕਰੋ । ਇਸ ਲਈ 0.5-1.0 ਕਿਲੋ ਫੈਰਸ ਸਲਫੇਟ, ਕ੍ਰਮਵਾਰ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਛਿੜਕਾਅ ਕਰੋ ।

**ਖਾਦਾਂ ਦੀ ਵਰਤੋਂ ਬਾਰੇ ਵਿਸ਼ੇਸ਼ ਹਦਾਇਤਾਂ**

★ ਜੇਕਰ 27 ਕਿਲੋ ਡੀਏਪੀ ਪ੍ਰਤੀ ਏਕੜ ਪਾਈ ਗਈ ਹੋਵੇ, ਤਾਂ ਯੂਰੀਆ ਦੀ ਮਾਤਰਾ 10 ਕਿਲੋ ਘਟਾ ਦਿਓ । ਜੇਕਰ 55 ਕਿਲੋ ਡੀਏਪੀ ਵਰਤੀ ਗਈ ਹੋਵੇ, ਤਾਂ ਯੂਰੀਆ 20 ਕਿਲੋ ਘਟਾ ਦੇਣੀ ਚਾਹੀਦੀ ਹੈ ।

★ ਜੇ ਝੋਨੇ, ਬਾਸਮਤੀ, ਮੱਕੀ, ਨਰਮਾ ਜਾਂ ਮੂੰਗਫਲੀ ਤੋਂ ਪਹਿਲਾਂ ਕਣਕ ਦੀ ਫ਼ਸਲ ਵਿੱਚ ਸਿਫ਼ਾਰਸ਼ੀ ਮਾਤਰਾ ਵਿੱਚ ਫਾਸਫੋਰਸ ਪਾਇਆ ਗਿਆ ਹੋਵੇ, ਤਾਂ ਇਨ੍ਹਾਂ ਫ਼ਸਲਾਂ ਨੂੰ ਫਾਸਫੋਰਸ ਪਾਉਣ ਦੀ ਲੋੜ ਨਹੀਂ । ਪਰ ਜੇ ਸੋਇਆਬੀਨ ਦੀ ਫ਼ਸਲ ਲਗਾਈ ਜਾ ਰਹੀ ਹੋਵੇ, ਤਾਂ 200 ਕਿਲੋ ਸਿੰਗਲ ਸੁਪਰਫਾਸਫੇਟ ਦੀ ਥਾਂ ਸਿਰਫ਼ 150 ਕਿਲੋ ਪ੍ਰਤੀ ਏਕੜ ਹੀ ਪਾਓ (ਜੇਕਰ ਕਣਕ ਵਿੱਚ ਪਹਿਲਾਂ ਹੀ ਸਿਫ਼ਾਰਸ਼ੀ ਮਾਤਰਾ ਅਨੁਸਾਰ ਫਾਸਫੋਰਸ ਪਾਇਆ ਹੋਵੇ)।

★ ਜੇ ਜੰਤਰ ਜਾਂ ਸਣ ਦੀ 45-55 ਦਿਨਾਂ ਦੀ ਹਰੀ ਖਾਦ ਖੇਤ ਵਿੱਚ ਦੱਬੀ ਹੋਈ ਹੋਵੇ ਜਾਂ ਗਰਮੀ ਰੁੱਤ ਵਿੱਚ ਮੂੰਗੀ ਦੀਆਂ ਫਲੀਆਂ ਤੋੜ ਕੇ ਉਸ ਦੇ ਹਰੇ ਟਾਂਗਰ ਨੂੰ ਖੇਤ ਵਿੱਚ ਦੱਬਿਆ ਗਿਆ ਹੋਵੇ, ਤਾਂ ਬਾਸਮਤੀ ਦੀ ਫ਼ਸਲ ਲਈ ਯੂਰੀਆ ਖਾਦ ਪਾਉਣ ਦੀ ਲੋੜ ਨਹੀਂ ਰਹਿੰਦੀ ।

★ ਪੋਟਾਸ਼ ਦੀ ਖਾਦ ਸਿਰਫ਼ ਉਨ੍ਹਾਂ ਜ਼ਮੀਨਾਂ ਵਿੱਚ ਪਾਓ ਜਿੱਥੇ ਉਪਲੱਬਧ ਪੋਟਾਸ਼ 55 ਕਿਲੋ ਪ੍ਰਤੀ ਏਕੜ ਤੋਂ ਘੱਟ ਹੋਵੇ ।

★ ਜੇ ਜ਼ਮੀਨ ਵਿੱਚ ਗੰਧਕ ਦੀ ਘਾਟ ਹੋਵੇ, ਤਾਂ ਡੀਏਪੀ ਦੀ ਥਾਂ ਸਿੰਗਲ ਸੁਪਰਫਾਸਫੇਟ ਵਰਤਣਾ ਵਧੀਆ ਰਹੇਗਾ । ਜੇ ਇਹ ਉਪਲੱਬਧ ਨਾ ਹੋਵੇ, ਤਾਂ ਮੂੰਗਫਲੀ ਦੀ ਬਿਜਾਈ ਵੇਲੇ 50 ਕਿਲੋ ਜਿਪਸਮ ਪ੍ਰਤੀ ਏਕੜ ਪਾਓ ।

Crop® Chemicals
ISO 9001:2015 & 14001:2015 CERTIFIED
ਬਿਹਤਰ ਗੁਣਵੱਤਾ ਬਿਹਤਰ ਫਸਲ

BEW
KSA
ਕੇ ਐਸ ਗਰੁੱਪ
ਮਲੇਰਕੋਟਲਾ
ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ
4 IN 1 COMBO
BEW ਸੁਪਰ ਸੀਡਰ



• ਲੋਨ ਉਪਲੱਬਧ
• ਸਬਸਿਡੀ ਉਪਲੱਬਧ
• ਬੁਕਿੰਗ ਸ਼ੁਰੂ
• ਪਾਉਡਰ ਕੋਟਿੰਗ ਪੇਂਟ
• ਪੇਟੇਂਟ ਡਿਜਾਇਨ
TOLL FREE NUMBER 1800-120-004455
• BHAGWAN ENGINNERING WORKS
• KS AGROTECH PVT. LTD.
• KS POWERTECH PVT. LTD.
Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co

# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

# KHETI DUNIYAN

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 44 ਅੰਕ 26**
**ਮਿਤੀ 27-06-2026**

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Drishti Printers**,
484, Nagra Street, Natan Wali Gali,Backside Dashmesh Market,
Near Sher-e-Punjab Market, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
RNI No.**PUNPUN00806**


# ਹੜ੍ਹਾਂ ਨੂੰ ਰੋਕਣ ਲਈ ਤਕਨੀਕੀ ਤੇ ਵਿਗਿਆਨਕ ਵਿਵਸਥਾ ਦੀ ਲੋੜ



**ਸਤਨਾਮ ਸਿੰਘ ਸੰਧੂ**
**ਸੰਸਦ ਮੈਂਬਰ (ਰਾਜ ਸਭਾ)**

ਹਰ ਸਾਲ ਮੌਨਸੂਨ ਦਾ ਮੌਸਮ ਪੰਜਾਬ ਵਿੱਚ ਇਕ ਚਿੰਤਾ ਜ਼ਰੂਰ ਲੈ ਕੇ ਆਉਂਦਾ ਹੈ। ਭਾਵੇਂ ਅਸੀਂ ਮੀਂਹ ਲਈ ਅਰਦਾਸ ਕਰਦੇ ਰਹਿੰਦੇ ਹਾਂ ਤਾਂ ਕਿ ਫ਼ਸਲਾਂ ਹਰੀਆਂ-ਭਰੀਆਂ ਹੋਣ ਤੇ ਧਰਤੀ ਹੇਠਲੇ ਪਾਣੀ ਦੇ ਭੰਡਾਰ ਭਰੇ ਰਹਿਣ। ਪਰ ਹੁਣ ਮੀਂਹਾਂ ਕਰਕੇ ਤਬਾਹੀ ਤੇ ਅਨਿਸ਼ਚਿਤਤਾ ਦਾ ਡਰ ਦਿਨੋਂ-ਦਿਨ ਵਧਦਾ ਜਾ ਰਿਹਾ ਹੈ। ਦਰਿਆਵਾਂ ਕੰਢੇ ਵਸੇ ਪਿੰਡ ਪਾਣੀ ਦੇ ਪੱਧਰ ਨੂੰ ਫਿਕਰ ਨਾਲ ਦੇਖਦੇ ਹਨ, ਸ਼ਹਿਰੀ ਬਸਤੀਆਂ ਪਾਣੀ ਭਰਨ ਦੇ ਡਰ ਦੇ ਸਾਏ ਹੇਠ ਜਿਊਂਦੀਆਂ ਹਨ ਤੇ ਸਰਕਾਰਾਂ ਹੜ੍ਹ ਚਿਤਾਵਨੀਆਂ ਦਾ ਜਵਾਬ ਦੇਣ ਵਿੱਚ ਰੁੱਝੀਆਂ ਰਹਿੰਦੀਆਂ ਹਨ। ਪੰਜਾਬ ਸਾਹਮਣੇ ਹੁਣ ਸਿਰਫ਼ ਹੜ੍ਹ ਪ੍ਰਬੰਧਨ ਦੀ ਚੁਣੌਤੀ ਨਹੀਂ ਰਹੀ, ਇਹ ਬਦਲਦੇ ਜਲਵਾਯੂ ਨਮੂਨਿਆਂ, ਘਟਦੀ ਦਰਿਆਈ ਸਮਰੱਥਾ ਤੇ ਦਹਾਕਿਆਂ ਦੀ ਵਾਤਾਵਰਨਿਕ ਅਣਦੇਖੀ ਦੇ ਵਿਚਕਾਰ ਮੌਨਸੂਨ ਲਈ ਤਿਆਰੀ ਦਾ ਸਵਾਲ ਬਣ ਗਈ ਹੈ। ਸੂਬੇ ਦੇ ਦਰਿਆ ਖ਼ਾਸਕਰ ਸਤਲੁਜ ਤੇ ਬਿਆਸ, ਅੱਜ ਉਸ ਬੋਝ ਹੇਠ ਦੱਬੇ ਹੋਏ ਹਨ, ਜੋ ਉਨ੍ਹਾਂ ਨੇ ਕਦੇ ਚੁੱਕਣਾ ਹੀ ਨਹੀਂ ਸੀ। ਸਾਲਾਂ ਦੀ ਜਮ੍ਹਾਂ ਹੋਈ ਗਾਦ (ਸਿਲਟ), ਦਰਿਆਈ ਖੇਤਰਾਂ 'ਤੇ ਹੋਏ ਕਬਜ਼ਿਆਂ ਅਤੇ ਅਢੁਕਵੇਂ ਵਿਗਿਆਨਕ ਦਰਿਆ ਪ੍ਰਬੰਧਨ ਨੇ ਮੌਨਸੂਨ ਦੇ ਪਾਣੀ ਨੂੰ ਸੁਰੱਖਿਅਤ ਢੰਗ ਨਾਲ ਵਧਾਉਣ ਦੀ ਸਮਰੱਥਾ ਨੂੰ ਬਹੁਤ ਘਟਾ ਦਿੱਤਾ ਹੈ। ਨਤੀਜੇ ਵਜੋਂ ਅੱਜ ਦਰਮਿਆਨੀ ਮਾਤਰਾ ਵਿੱਚ ਛੱਡਿਆ ਗਿਆ ਪਾਣੀ ਵੀ ਹੜ੍ਹ ਦਾ ਕਾਰਨ ਬਣ ਜਾਂਦਾ ਹੈ, ਪਹਿਲਾਂ ਕਦੇ ਅਜਿਹਾ ਨਹੀਂ ਸੀ ਹੁੰਦਾ।

## ਦਰਿਆਵਾਂ ਦੀ ਘੱਟ ਰਹੀ ਸਮਰੱਥਾ

ਪੰਜਾਬ ਦੇ ਹੜ੍ਹਾਂ ਦੀ ਕਹਾਣੀ ਉਪਰਲੀਆਂ ਧਾਰਾਵਾਂ ਤੋਂ ਸ਼ੁਰੂ ਹੁੰਦੀ ਹੈ। ਸਤਲੁਜ ਤੇ ਬਿਆਸ ਦਰਿਆ ਹਿਮਾਲਿਆ ਦੇ ਨਾਜ਼ੁਕ ਪਹਾੜੀ ਸਰੋਤਾਂ ਤੋਂ ਭਾਰੀ ਮਾਤਰਾ ਵਿੱਚ ਮਿੱਟੀ ਲੈ ਕੇ ਆਉਂਦੇ ਹਨ। ਪਹਿਲਾਂ ਦਰਿਆਵਾਂ ਵਿੱਚ ਇਸ ਮਿੱਟੀ ਨੂੰ ਅੱਗੇ ਵਹਾਉਣ ਲਈ ਕਾਫ਼ੀ ਚੌੜਾਈ ਤੇ ਡੂੰਘਾਈ ਹੁੰਦੀ ਸੀ। ਪਰ ਦਹਾਕਿਆਂ ਤੋਂ ਜੰਮੀ ਗਾਦ (ਸਿਲਟ) ਨੇ ਦਰਿਆਵਾਂ ਦੇ ਹੇਠਲੇ ਹਿੱਸੇ ਉੱਚੇ ਕਰ ਦਿੱਤੇ ਹਨ, ਜਿਸ ਕਰਕੇ ਪਾਣੀ ਦੇ ਵਹਿਣ ਦੇ ਮਾਰਗ ਤੰਗ ਹੋ ਗਏ। ਪਰ ਕਈ ਥਾਵਾਂ 'ਤੇ ਦਰਿਆਵਾਂ ਅੰਦਰੋਂ ਅਨ੍ਹੇਵਾਹ ਤੌਰ ਤੇ ਬੱਜਰੀ ਦੀ ਖੁਦਾਈ ਨੇ ਵੀ ਇਸ ਸਮੱਸਿਆ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ। ਮਾਹਿਰਾਂ ਨੇ ਦੱਸਿਆ ਹੈ ਕਿ ਪੰਜਾਬ ਵਿੱਚ ਕਈ ਥਾਵਾਂ 'ਤੇ ਗਾਦ (ਸਿਲਟ) ਜਮ੍ਹਾਂ ਹੋਣ ਕਾਰਨ ਦਰਿਆਵਾਂ ਦੇ ਹੇਠਲੇ ਹਿੱਸੇ 5 ਤੋਂ 12 ਫੁੱਟ ਤੱਕ ਉੱਚੇ ਹੋ ਗਏ, ਜਿਸ ਨਾਲ ਦਰਿਆਵਾਂ ਤੇ ਨਿਕਾਸ ਚੈਨਲਾਂ ਦੀ ਸਮਰੱਥਾ ਵਿੱਚ ਭਾਰੀ ਕਮੀ ਆਈ ਹੈ। ਕੁਝ ਹਿੱਸਿਆਂ ਵਿੱਚ ਇਹ ਸਮਰੱਥਾ ਪਹਿਲਾਂ ਦੇ ਮੁਕਾਬਲੇ ਇਕ-ਤਿਹਾਈ ਰਹਿ ਗਈ ਹੈ। ਮਾਹਿਰਾਂ ਦੀਆਂ ਵਾਰ-ਵਾਰ ਚਿਤਾਵਨੀਆਂ ਦੇ ਬਾਵਜੂਦ, ਦਰਿਆਵਾਂ ਦੀ ਗਾਦ ਕੱਢਣ ਦਾ ਕੰਮ ਖਿੰਡਿਆ-ਪੁੰਡਿਆ, ਟੁਕੜਿਆਂ ਵਿੱਚ ਅਤੇ ਅਣਦੇਖਾ ਰਿਹਾ ਹੈ। ਵੱਖ-ਵੱਖ ਥਾਵਾਂ 'ਤੇ ਮਸ਼ੀਨੀ ਢੰਗ ਨਾਲ ਗਾਦ ਕੱਢਣਾ ਸਮੁੱਚੀ ਵਹਾਅ ਖੇਤਰ ਦੀ ਰਣਨੀਤੀ ਦਾ ਬਦਲ ਨਹੀਂ ਹੋ ਸਕਦਾ। ਸੂਬੇ ਨੂੰ ਲੰਬੇ ਸਮੇਂ ਦੇ ਡੇਟਾ ਇਕੱਤਰੀਕਰਨ, ਪ੍ਰਵਾਹ ਅਧਿਐਨਾਂ ਤੇ ਦਰਿਆਈ ਬਣਤਰ ਦੀ ਸਮਝ 'ਤੇ ਆਧਾਰਿਤ ਵਿਗਿਆਨਕ ਵਿਧੀ ਨਾਲ ਗਾਦ ਪ੍ਰਬੰਧਨ ਲਈ ਯੋਜਨਾ ਬਣਾਉਣ ਦੀ ਲੋੜ ਹੈ। ਇਹ ਮਸਲਾ ਹੋਰ ਵੀ ਗੰਭੀਰ ਹੋ ਜਾਂਦਾ ਹੈ ਕਿਉਂਕਿ ਦਰਿਆਵਾਂ ਦੇ ਆਲੇ-ਦੁਆਲੇ ਦੇ ਖੇਤਰਾਂ 'ਤੇ ਲਗਾਤਾਰ ਕਬਜ਼ੇ ਹੋ ਰਹੇ ਹਨ। ਅਜਿਹੇ ਇਲਾਕਿਆਂ ਵਿੱਚ ਰਿਹਾਇਸ਼ੀ ਬਸਤੀਆਂ ਬਣ ਗਈਆਂ ਹਨ, ਜੋ ਇਤਿਹਾਸਕ ਤੌਰ 'ਤੇ ਕੁਦਰਤੀ ਹੜ੍ਹ-ਰੋਕੂ ਬਫ਼ਰ ਦਾ ਕੰਮ ਕਰਦੇ ਸਨ।



ਪੰਜਾਬ ਦੀ ਹੜ੍ਹ ਕਮਜ਼ੋਰੀ ਦਾ ਸੰਬੰਧ ਗੋਬਿੰਦ ਸਾਗਰ ਜਲ ਭੰਡਾਰ ਦੀ ਸਥਿਤੀ ਨਾਲ ਵੀ ਜੁੜਿਆ ਹੋਇਆ ਹੈ, ਜੋ ਭਾਖੜਾ ਡੈਮ ਦੁਆਰਾ ਬਣਾਈ ਗਈ ਜੀਵਨ-ਰੇਖਾ ਹੈ। ਛੇ ਦਹਾਕਿਆਂ ਤੋਂ ਵੱਧ ਦੇ ਸੰਚਾਲਨ ਵਿੱਚ ਇਸ ਜਲ ਭੰਡਾਰ ਅੰਦਰ ਭਾਰੀ ਮਾਤਰਾ ਵਿੱਚ ਗਾਦ ਜਮ੍ਹਾਂ ਹੋ ਗਈ ਹੈ। ਹਾਲੀਆ ਅੰਦਾਜ਼ੇ ਦੱਸਦੇ ਹਨ ਕਿ ਜਲ ਭੰਡਾਰ ਦੀ ਅਸਲ ਸਟੋਰੇਜ਼ ਸਮਰੱਥਾ ਦਾ ਲਗਭਗ ਇਕ-ਚੌਥਾਈ ਹਿੱਸਾ ਗਾਦ ਕਾਰਨ ਘੱਟ ਚੁੱਕਾ ਹੈ। ਅਨੁਮਾਨ ਹੈ ਕਿ 2.5 ਅਰਬ ਘਣ ਮੀਟਰ ਤੋਂ ਵੱਧ ਭੰਡਾਰਨ ਸਥਾਨ ਗਾਦ ਨਾਲ ਭਰ ਚੁੱਕਾ ਹੈ। ਇਹ ਕੋਈ ਛੋਟਾ ਤਕਨੀਕੀ ਮੁੱਦਾ ਨਹੀਂ ਹੈ। ਜਲ ਭੰਡਾਰ ਦੀ ਸਟੋਰੇਜ ਭਾਰੀ ਵਰਖਾ ਦੌਰਾਨ ਇਕ ਸੁਰੱਖਿਆ ਵਿਵਸਥਾ ਵਜੋਂ ਕੰਮ ਕਰਦੀ ਹੈ। ਜਿਉਂ-ਜਿਉਂ ਸਟੋਰੇਜ਼ ਘਟਦੀ ਜਾਂਦੀ ਹੈ, ਅਚਾਨਕ ਆਉਣ ਵਾਲੇ ਪਾਣੀ ਦੇ ਪ੍ਰਵਾਹ ਨੂੰ ਸੰਭਾਲਣ ਦੀ ਸਮਰੱਥਾ ਘਟਦੀ ਜਾਂਦੀ ਹੈ, ਜਿਸ ਨਾਲ ਕੰਮ ਸੰਚਾਲਨ ਤੇ ਹੇਠਲੇ ਇਲਾਕਿਆਂ ਵਿੱਚ ਹੜ੍ਹ ਪ੍ਰਬੰਧਨ 'ਤੇ ਦਬਾਅ ਵਧਦਾ ਹੈ। ਇਹ ਚੁਣੌਤੀ ਇਸ ਤੱਥ ਕਾਰਨ ਹੋਰ ਵੀ ਔਖੀ ਹੋ ਜਾਂਦੀ ਹੈ ਕਿ ਵੱਡੇ ਜਲ ਭੰਡਾਰਾਂ ਦੀ ਵਿਗਿਆਨਕ ਢੰਗ ਗਾਦ ਕੱਢਣ ਦੀ ਪ੍ਰਕਿਰਿਆ ਤਕਨੀਕੀ ਤੌਰ 'ਤੇ ਬੇਹੱਦ ਗੁੰਝਲਦਾਰ ਤੇ ਆਰਥਿਕ ਤੌਰ 'ਤੇ ਬਹੁਤ ਮਹਿੰਗੀ ਹੈ। ਸਰਕਾਰਾਂ ਨੇ ਇਸ ਮੁੱਦੇ 'ਤੇ ਸਮੇਂ-ਸਮੇਂ ਚਰਚਾ ਕੀਤੀ ਹੈ, ਕਮੇਟੀਆਂ ਬਣਾਈਆਂ ਹਨ ਅਤੇ ਪਾਇਲਟ ਪ੍ਰੋਜੈਕਟ ਵੀ ਵਿਉਤੇ ਹਨ, ਪਰ ਜਿਸ ਪੈਮਾਨੇ 'ਤੇ ਕੰਮ ਕਰਨ ਦੀ ਜ਼ਰੂਰਤ ਹੈ, ਉਹ ਹਾਲੇ ਤੱਕ ਨਹੀਂ ਹੋਇਆ। ਅਸਲੀਅਤ ਇਹ ਹੈ ਕਿ ਗਾਦ ਦਾ ਲਗਾਤਾਰ ਜਮ੍ਹਾਂ ਹੋਣਾ ਹੁਣ ਸਿਰਫ਼ ਜਲ ਭੰਡਾਰ ਪ੍ਰਬੰਧਨ ਦੀ ਚਿੰਤਾ ਨਹੀਂ ਰਹੀ, ਇਹ ਇੱਕ ਹੜ੍ਹ ਪ੍ਰਬੰਧਨ ਸੰਕਟ ਬਣ ਚੁੱਕਾ ਹੈ, ਜੋ ਪੰਜਾਬ, ਹਰਿਆਣਾ, ਰਾਜਸਥਾਨ ਤੇ ਹਿਮਾਚਲ ਪ੍ਰਦੇਸ਼ ਵਿੱਚ ਕਰੋੜਾਂ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ।



## ਤੁਰੰਤ ਕਾਰਵਾਈ ਦੀ ਲੋੜ

ਇਸ ਸਾਲ ਦੇ ਮੌਨਸੂਨ 'ਤੇ ਅਲ-ਨੀਨੋ ਵਰਗੀਆਂ ਵੱਡੀਆਂ ਮੌਸਮੀ ਘਟਨਾਵਾਂ ਦਾ ਪ੍ਰਭਾਵ ਪੈਣ ਦੀ ਸੰਭਾਵਨਾ ਹੈ ਮੌਸਮੀ ਪ੍ਰਕਿਰਿਆਵਾਂ ਤੇਜ਼ੀ ਨਾਲ ਬਦਲ ਰਹੀਆਂ ਹਨ, ਜੋ ਲੰਬੇ ਸੋਕੇ ਤੋਂ ਬਾਅਦ ਅਚਾਨਕ ਭਾਰੀ ਮੀਂਹ ਦੇ ਰੂਪ ਵਿੱਚ ਸਾਹਮਣੇ ਆਉਂਦੀਆਂ ਹਨ। ਇਹ ਅਸਥਿਰਤਾ ਪਾਣੀ ਦੇ ਬੁਨਿਆਦੀ ਢਾਂਚੇ 'ਤੇ ਵਾਧੂ ਦਬਾਅ ਪਾਉਂਦੀ ਹੈ। ਭਾਖੜਾ ਡੈਮ ਦਾ ਜਲ-ਗ੍ਰਹਿਣ ਖੇਤਰ ਹਿਮਾਲਿਆ ਵਿੱਚ ਲਗਭਗ 68,000 ਵਰਗ ਕਿਲੋਮੀਟਰ ਵਿੱਚ ਫੈਲਿਆ ਹੋਇਆ ਹੈ, ਜਦਕਿ ਗੋਬਿੰਦ ਸਾਗਰ ਜਲ ਭੰਡਾਰ ਲਗਭਗ 164 ਵਰਗ ਕਿਲੋਮੀਟਰ ਵਿੱਚ ਫੈਲਿਆ ਹੈ। ਇਸ ਵਿਸ਼ਾਲ ਜਲ-ਗ੍ਰਹਿਣ ਖੇਤਰ ਵਿੱਚ ਬਹੁਤ ਜ਼ਿਆਦਾ ਮੀਂਹ ਜਾਂ ਬੱਦਲ ਫਟਣ ਦੀ ਘਟਨਾ ਥੋੜ੍ਹੇ ਸਮੇਂ ਵਿੱਚ ਬਹੁਤ ਜ਼ਿਆਦਾ ਪਾਣੀ ਦਾ ਵਹਾਅ ਪੈਦਾ ਕਰ ਸਕਦੀ ਹੈ ਅਤੇ ਅੰਤ ਵਿੱਚ ਡੈਮ ਦੇ ਹੇਠਲੇ ਇਲਾਕਿਆਂ ਵਿੱਚ ਭਿਆਨਕ ਤਬਾਹੀ ਦਾ ਕਾਰਨ ਬਣ ਸਕਦੀ ਹੈ। ਰਿਪੋਰਟਾਂ ਤੋਂ ਸੰਕੇਤ ਮਿਲਦਾ ਹੈ ਕਿ ਇਸ ਸੀਜ਼ਨ ਵਿਚ ਜਲ ਭੰਡਾਰ ਦਾ ਪੱਧਰ ਪਿਛਲੇ ਸਾਲ ਦੇ ਮੁਕਾਬਲੇ ਕਾਫ਼ੀ ਉੱਚਾ ਹੈ। ਸਿਹਤਮੰਦ ਭੰਡਾਰਨ ਸਿੰਚਾਈ ਤੇ ਬਿਜਲੀ ਉਤਪਾਦਨ ਲਈ ਜ਼ਰੂਰੀ ਹੈ, ਪਰ ਇਹ ਇਸ ਗੱਲ ਦੀ ਵੀ ਯਾਦ ਦਿਵਾਉਂਦਾ ਹੈ ਕਿ ਮੌਨਸੂਨ ਦੇ ਸਿਖਰਲੇ ਪ੍ਰਵਾਹ ਤੋਂ ਪਹਿਲਾਂ ਢੁਕਵਾਂ ਹਰ ਪ੍ਰਬੰਧ ਬਣਾਈ ਰੱਖਣਾ ਕਿੰਨਾ ਜ਼ਰੂਰੀ ਹੈ। ਪੰਜਾਬ ਇਹ ਨਹੀਂ ਮੰਨ ਸਕਦਾ ਕਿ ਹੜ੍ਹ ਸਿਰਫ਼ ਇਕ ਮੌਸਮੀ ਐਮਰਜੈਂਸੀ ਹੈ, ਜਿਸ ਵੱਲ ਧਿਆਨ ਉਦੋਂ ਹੀ ਦੇਣਾ ਹੈ, ਜਦੋਂ ਪਾਣੀ ਪਿੰਡਾਂ ਵਿੱਚ ਆ ਵੜੇ। ਹੜ੍ਹਾਂ ਦਾ ਪ੍ਰਬੰਧਨ ਸਾਲ ਭਰ ਲਈ ਤਰਜੀਹ ਬਣਨਾ ਚਾਹੀਦਾ ਹੈ। ਇਸ ਲਈ ਦਰਿਆਵਾਂ ਅਤੇ ਜਲ ਭੰਡਾਰਾਂ ਦੀ ਵਿਗਿਆਨਕ ਗਾਦ ਕੱਢਣ, ਹੜ੍ਹ ਖੇਤਰਾਂ ਤੋਂ ਕਬਜ਼ੇ ਹਟਾਉਣ, ਬੰਨ੍ਹਾਂ ਨੂੰ ਮਜ਼ਬੂਤ ਕਰਨ, ਕੁਦਰਤੀ ਨਿਕਾਸ ਪ੍ਰਣਾਲੀਆਂ ਦੀ ਬਹਾਲੀ ਦਾ ਕੰਮ ਨਿਰੰਤਰ ਹੁੰਦਾ ਰਹਿਣਾ ਚਾਹੀਦਾ ਹੈ। ਸਾਂਝੇ ਭੰਡਾਰ ਵਾਲੇ ਸੂਬਿਆਂ ਵਿੱਚ ਬਿਹਤਰ ਤਾਲਮੇਲ ਦੀ ਵੀ ਲੋੜ ਹੈ।

ਪੰਜਾਬ ਨੇ ਹਮੇਸ਼ਾ ਮੁਸ਼ਕਿਲਾਂ ਵਿੱਚ ਆਪਣੀ ਦ੍ਰਿੜਤਾ ਦਾ ਸਬੂਤ ਦਿੱਤਾ ਹੈ, ਪਰ ਇਹ ਦ੍ਰਿੜਤਾ ਤਿਆਰੀ ਦਾ ਬਦਲ ਨਹੀਂ ਹੋ ਸਕਦੀ। ਜਿਵੇਂ-ਜਿਵੇਂ ਜਲਵਾਯੂ ਖ਼ਤਰੇ ਵਧਦੇ ਹਨ ਤੇ ਦਰਿਆਈ ਪ੍ਰਣਾਲੀਆਂ ਕਮਜ਼ੋਰ ਹੁੰਦੀਆਂ ਜਾਂਦੀਆਂ ਹਨ, ਸੂਬੇ ਨੂੰ ਸਰਗਰਮ ਹੜ੍ਹ ਰੋਕਥਾਮ ਦੀ ਦਿਸ਼ਾ ਵੱਲ ਜਾਣਾ ਹੋਵੇਗਾ। ਮੌਨਸੂਨ ਦਾ ਮੌਸਮ ਹਰ ਸਾਲ ਪੰਜਾਬ ਦੀ ਪ੍ਰੀਖਿਆ ਲੈਂਦਾ ਰਹੇਗਾ। ਸਵਾਲ ਇਹ ਹੈ ਕਿ ਕੀ ਅਸੀਂ ਆਫ਼ਤਾਂ ਆਉਣ ਤੋਂ ਬਾਅਦ ਪ੍ਰਤੀਕਰਮ ਦਿੰਦੇ ਰਹਾਂਗੇ ਜਾਂ ਫਿਰ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਉਨ੍ਹਾਂ ਨੂੰ ਰੋਕਣ ਲਈ ਨਿਵੇਸ਼ ਕਰਾਂਗੇ।



# ਕੰਢੀ ਖੇਤਰ ਵਿੱਚ ਸਾਉਣੀ ਦੀਆਂ ਫ਼ਸਲਾਂ : ਘੱਟ ਖਰਚਾ, ਵੱਧ ਮੁਨਾਫ਼ਾ

ਬਲਵਿੰਦਰ ਸਿੰਘ ਢਿੱਲੋਂ, ਗੁਰਵਿੰਦਰ ਸਿੰਘ, ਮਨਦੀਪ ਪਠਾਨੀਆ (ਮੋਬਾਇਲ : 94654-20097)

**ਸਾਉਣੀ ਦੀ ਰੁੱਤ ਵਿੱਚ ਮੱਕੀ ਕੰਢੀ ਖੇਤਰ ਦੀ ਪ੍ਰਮੁੱਖ ਫ਼ਸਲ ਹੈ, ਪਰ ਇਸ ਦੇ ਨਾਲ-ਨਾਲ ਬਾਜਰਾ, ਮੂੰਗੀ, ਮਾਂਹ, ਸੋਇਆਬੀਨ, ਮੂੰਗਫਲੀ ਅਤੇ ਤਿਲਾਂ ਦੀ ਖੇਤੀ ਵੀ ਕੰਢੀ ਖੇਤਰ ਵਿੱਚ ਕੀਤੀ ਜਾਂਦੀ ਹੈ । ਸਾਉਣੀ ਫ਼ਸਲਾਂ ਦੀ ਚੰਗੀ ਪੈਦਾਵਾਰ ਲੈਣ ਲਈ ਬਹੁਤ ਜ਼ਰੂਰੀ ਹੈ ਕਿ ਮੀਂਹ ਦੇ ਪਾਣੀ ਦੀ ਸੰਭਾਲ ਅਤੇ ਉਪਲਬਧ ਪਾਣੀ ਦੀ ਸੁਚੱਜੀ ਵਰਤੋਂ, ਬਿਜਾਈ, ਜੈਵਿਕ ਅਤੇ ਨਦੀਨਾਂ ਦੀ ਰੋਕਥਾਮ ਆਦਿ ਸਬੰਧੀ ਸਿਫ਼ਾਰਸ਼ਾਂ ਨੂੰ ਕਿਸਾਨਾਂ ਵੱਲੋਂ ਅਪਣਾਇਆ ਜਾਵੇ ।**

ਪੰਜਾਬ ਵਿੱਚ ਪਾਣੀ ਦੀ ਸਮੱਸਿਆ ਨੂੰ ਦੇਖਦੇ ਹੋਏ ਇੱਕ ਪਾਸੇ ਜਿੱਥੇ ਸਾਉਣੀ ਦੀ ਮੁੱਖ ਫ਼ਸਲ ਝੋਨੇ ਦਾ ਬਦਲ ਲੱਭਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਉੱਥੇ ਹੀ ਦੂਜੇ ਪਾਸੇ ਫ਼ਸਲੀ ਵਿਭਿੰਨਤਾ ਵਾਲੇ ਕੰਢੀ ਖੇਤਰ ਵਿੱਚ ਮੀਂਹ ਉੱਤੇ ਨਿਰਭਰ ਖੇਤੀ ਤੋਂ ਚੰਗਾ ਉਤਪਾਦਨ ਲੈਣਾ ਵੀ ਚੁਣੌਤੀਪੂਰਨ ਕੰਮ ਹੈ। ਕੰਢੀ ਖੇਤਰ ਦੀ ਜ਼ਿਆਦਾਤਰ ਖੇਤੀ ਮੀਂਹ ਉੱਤੇ ਨਿਰਭਰ ਕਰਦੀ ਹੈ ਅਤੇ ਇੱਥੇ ਸਿੰਜਾਈ ਦੇ ਸਾਧਨਾਂ ਦੀ ਘਾਟ ਹੈ। ਕੰਢੀ ਇਲਾਕੇ ਦੀਆਂ ਜ਼ਮੀਨਾਂ ਜ਼ਿਆਦਾਤਰ ਰੇਤਲੀਆਂ ਹਨ ਅਤੇ ਇਨ੍ਹਾਂ ਦੀ ਪਾਣੀ ਸੰਭਾਲਣ ਦੀ ਸਮਰੱਥਾ ਬਹੁਤ ਘੱਟ ਹੈ। ਇਸ ਲਈ ਕੰਢੀ ਖੇਤਰ ਦੇ ਹਾਲਾਤ ਨੂੰ ਚੰਗੀ ਤਰ੍ਹਾਂ ਸਮਝਣ ਅਤੇ ਚੰਗੀ ਵਿਉਂਤਬੰਦੀ ਨਾਲ ਖੇਤੀ ਕਰਨ



ਦੀ ਜ਼ਰੂਰਤ ਹੈ। ਸਾਉਣੀ ਦੀ ਰੁੱਤ ਵਿੱਚ ਮੱਕੀ ਕੰਢੀ ਖੇਤਰ ਦੀ ਪ੍ਰਮੁੱਖ ਫ਼ਸਲ ਹੈ, ਪਰ ਇਸ ਦੇ ਨਾਲ-ਨਾਲ ਬਾਜਰਾ, ਮੂੰਗੀ, ਮਾਂਹ, ਸੋਇਆਬੀਨ, ਮੂੰਗਫਲੀ ਅਤੇ ਤਿਲਾਂ ਦੀ ਖੇਤੀ ਵੀ ਕੰਢੀ ਖੇਤਰ ਵਿੱਚ ਕੀਤੀ ਜਾਂਦੀ ਹੈ। ਸਾਉਣੀ ਫ਼ਸਲਾਂ ਦੀ ਚੰਗੀ ਪੈਦਾਵਾਰ ਲੈਣ ਲਈ ਬਹੁਤ ਜ਼ਰੂਰੀ ਹੈ ਕਿ ਮੀਂਹ ਦੇ ਪਾਣੀ ਦੀ ਸੰਭਾਲ ਅਤੇ ਉਪਲਬਧ ਪਾਣੀ ਦੀ ਸੁਚੱਜੀ ਵਰਤੋਂ, ਬਿਜਾਈ, ਜੈਵਿਕ ਅਤੇ ਗੈਰ-ਜੈਵਿਕ ਖਾਦਾਂ ਦੇ ਸੁਮੇਲ ਨਾਲ ਸੰਯੁਕਤ ਪੌਸ਼ਟਿਕ ਪ੍ਰਬੰਧ, ਨਦੀਨਾਂ ਦੀ ਰੋਕਥਾਮ, ਅੰਤਰ ਫ਼ਸਲੀ ਪ੍ਰਣਾਲੀ ਆਦਿ ਸਬੰਧੀ ਸਿਫ਼ਾਰਸ਼ਾਂ ਨੂੰ ਕਿਸਾਨਾਂ ਵੱਲੋਂ ਅਪਣਾਇਆ ਜਾਵੇ। ਇਸ ਲਈ ਸਾਉਣੀ ਦੀਆਂ ਫ਼ਸਲਾਂ ਦੀ ਸਫ਼ਲ ਕਾਸ਼ਤ ਲਈ ਹੇਠ ਲਿਖੀਆਂ ਸਿਫ਼ਾਰਸ਼ਾਂ ਮੁੱਖ ਹਨ :

**ਜ਼ਮੀਨ ਪੱਧਰੀ ਕਰਨਾ** : ਕਿਸਾਨ ਆਪਣੇ ਖੇਤ ਪੱਧਰੇ ਕਰ ਲੈਣ, ਇਸ ਨਾਲ ਭੋਂ-ਖੋਰ ਘਟਦਾ ਹੈ ਅਤੇ ਖੇਤ ਦੀ ਪਾਣੀ ਦੇ ਜੀਵਨ ਦੀ ਮਾਤਰਾ ਵਧ ਜਾਂਦੀ ਹੈ। ਅਜਿਹਾ ਕਰਨ ਨਾਲ ਮੱਕੀ ਦੀ ਫ਼ਸਲ ਦਾ ਜੰਮ ਵਧੀਆ ਹੋਵੇਗਾ। ਪੱਧਰੀ ਜ਼ਮੀਨ ਵਿੱਚ ਬੀਜ, ਖਾਦ ਅਤੇ ਪਾਣੀ ਇਕਸਾਰ ਰਹੇਗਾ ਅਤੇ ਕਿਸਾਨ ਦਾ ਖਰਚਾ ਵੀ ਘੱਟ ਹੋਵੇਗਾ।

**ਵੱਟਾਂ ਮਜ਼ਬੂਤ ਕਰਨੀਆਂ** : ਮੌਨਸੂਨ ਦੀ ਬਰਸਾਤ ਸ਼ੁਰੂ ਹੋਣ ਤੋਂ ਪਹਿਲਾਂ ਕਿਸਾਨ ਆਪਣੇ ਖੇਤਾਂ ਦੀਆਂ ਚਾਰ ਚੁਫੇਰੇ ਵਾਲੀਆਂ ਵੱਟਾਂ ਉੱਚੀਆਂ ਕਰ ਲੈਣ। ਅਜਿਹਾ ਕਰਨ ਨਾਲ ਮਿੱਟੀ ਦੀ ਉੱਪਰਲੀ ਸਤਹਿ ਤੋਂ ਪਾਣੀ ਦਾ ਵਹਾਅ ਘਟ ਜਾਂਦਾ ਹੈ ਅਤੇ ਪਾਣੀ ਨੂੰ ਖੇਤ ਵਿੱਚ ਜੀਵਨ ਲਈ ਵੱਧ ਸਮਾਂ ਮਿਲ ਜਾਂਦਾ ਹੈ, ਜਿਸ ਨਾਲ ਖੇਤ ਵਿੱਚੋਂ ਪਾਣੀ ਅਤੇ ਮਿੱਟੀ ਦਾ ਰੋੜ੍ਹ ਘਟਦਾ ਹੈ।

**ਖੇਤ ਦੀ ਵਹਾਈ** : ਬਰਸਾਤ ਤੋਂ ਪਹਿਲਾਂ ਘੱਟ ਪਾਣੀ ਵਾਲੇ ਅਤੇ ਬਰਾਨੀ ਖੇਤਰਾਂ ਵਿੱਚ ਖੇਤਾਂ ਦੀ ਵਹਾਈ ਕਰਨਾ ਬਹੁਤ ਮਹੱਤਵਪੂਰਨ ਹੈ। ਇਸ ਨਾਲ ਖੇਤ ਦੀ ਪਰਤ ਖੁਰਦਰੀ ਹੋ ਕੇ ਖੁੱਲ੍ਹ ਜਾਂਦੀ ਹੈ ਅਤੇ ਮਿੱਟੀ ਵਿੱਚ ਮੀਂਹ ਦੇ ਪਾਣੀ ਦਾ ਰਿਸਾਅ ਵਧਦਾ ਹੈ, ਪਾਣੀ ਨੂੰ ਮਿੱਟੀ ਵਿੱਚ ਜੀਰਨ ਲਈ ਵੱਧ ਸਮਾਂ ਮਿਲਦਾ ਹੈ ਅਤੇ ਮਿੱਟੀ ਦਾ ਰੋੜ੍ਹ ਵੀ ਘਟਦਾ ਹੈ। ਮੀਂਹ ਦੇ ਪਹਿਲੇ ਛਰਾਟਿਆਂ ਪਿੱਛੋਂ ਖੇਤ ਦੀ ਢਲਾਣ ਦੇ ਉਲਟ ਵਹਾਈ ਕਰਨ ਨਾਲ ਮੀਂਹ ਦਾ ਪਾਣੀ ਖੇਤ ਵਿੱਚ ਵਧੇਰੇ ਅਤੇ ਇਕਸਾਰ ਜਜ਼ਬ ਹੋ ਜਾਂਦਾ ਹੈ। ਇਸ ਨਾਲ ਨਦੀਨਾਂ ਦੀ ਰੋਕਥਾਮ ਹੁੰਦੀ ਹੈ ਅਤੇ ਜ਼ਮੀਨ ਵਿੱਚ ਲੰਬੇ ਸਮੇਂ ਤੱਕ ਨਮੀ ਬਰਕਰਾਰ ਰਹਿੰਦੀ ਹੈ ਸਿੱਟੇ ਵਜੋਂ ਮੱਕੀ ਦੀ ਫ਼ਸਲ ਦੀ ਵਧੀਆ ਪੈਦਾਵਾਰ ਹੁੰਦੀ ਹੈ।

**ਫ਼ਸਲਾਂ ਦੀ ਚੋਣ** : ਸਮੇਂ ਸਿਰ ਬਰਸਾਤ ਆਉਣ 'ਤੇ ਕੰਢੀ ਖੇਤਰ ਦੀਆਂ ਚੰਗੀਆਂ ਜ਼ਮੀਨਾਂ ਉੱਤੇ ਮੱਕੀ ਦੀ ਖੇਤੀ ਨੂੰ ਤਰਜੀਹ ਦਿੱਤੀ ਜਾਂਦੀ ਹੈ। ਜੇਕਰ ਬਰਸਾਤ 15 ਜੁਲਾਈ ਤੋਂ ਬਾਅਦ ਹੋਵੇ ਤਾਂ ਮਾਂਹ, ਮੂੰਗੀ ਅਤੇ ਤਿਲਾਂ ਦੀ ਖੇਤੀ ਨੂੰ ਪਹਿਲ ਦੇਣੀ ਚਾਹੀਦੀ ਹੈ। ਹਲਕੀਆਂ ਜ਼ਮੀਨਾਂ ਵਿੱਚ ਸਮੇਂ ਸਿਰ ਬਿਜਾਈ ਲਈ ਮਾਂਹ, ਸੋਇਆਬੀਨ, ਬਾਜਰਾ (ਦਾਣਿਆਂ ਅਤੇ ਚਾਰੇ ਲਈ), ਮੂੰਗਫਲੀ, ਤਿਲ ਅਤੇ ਮੂੰਗੀ ਦੀ ਫ਼ਸਲ ਨੂੰ ਬੀਜਣਾ ਚਾਹੀਦਾ ਹੈ। ਪਿਛੇਤੀ ਬਿਜਾਈ ਲਈ ਬਾਜਰਾ, ਚਾਰੇ ਲਈ ਮੱਕੀ, ਮੂੰਗੀ ਅਤੇ ਤਿਲ ਢੁਕਵੀਆਂ ਫ਼ਸਲਾਂ ਹਨ।

**ਫ਼ਸਲਾਂ ਦੀਆਂ ਕਿਸਮਾਂ** : ਬਰਾਨੀ ਖੇਤੀ ਲਈ ਮੱਕੀ ਦੀ ਪੀ ਐਮ ਐਚ 2, ਪ੍ਰਕਾਸ਼, ਜੇ ਸੀ 12 ਅਤੇ ਜੇ ਸੀ 4, ਮੂੰਗੀ ਦੀ ਐੱਮ ਐੱਲ 2026 ਅਤੇਐਮ ਐੱਲ 1808, ਮਾਂਹ ਦੀਆਂ ਮਾਂਹ 883 ਅਤੇ ਮਾਂਹ 114, ਸੋਇਆਬੀਨ ਦੀ ਐੱਸ ਐੱਲ 958 ਅਤੇ ਐੱਸ ਐੱਲ 744, ਤਿਲ ਦੀਆਂ ਪੰਜਾਬ ਤਿਲ ਨੰ. 2 ਅਤੇ ਆਰ ਟੀ 346, ਮੂੰਗਫਲੀ ਦੀਆਂ ਜੇ 87 ਅਤੇ ਟੀ ਜੀ 37 ਏ ਅਤੇ ਬਾਜਰੇ ਦੀਆਂ ਪੀ ਸੀ ਬੀ 167, ਪੀ ਸੀ ਬੀ 166 ਅਤੇ ਪੀ ਸੀ ਬੀ 165 ਕਿਸਮਾਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ।

**ਬਿਜਾਈ ਦਾ ਸਮਾਂ ਅਤੇ ਬੀਜ ਦੀ ਮਾਤਰਾ** : ਮੱਕੀ ਦੀ ਬਿਜਾਈ 20 ਜੂਨ ਤੋਂ 7 ਜੁਲਾਈ ਤੱਕ, ਮੂੰਗੀ ਦੀ ਜੁਲਾਈ ਦੇ ਦੂਜੇ ਪੰਦਰਵਾੜੇ, ਮਾਂਹ ਅਤੇ ਮੂੰਗਫਲੀ ਦੀ ਬਿਜਾਈ ਮੌਨਸੂਨ ਸ਼ੁਰੂ ਹੋਣ 'ਤੇ, ਸੋਇਆਬੀਨ ਦੀ ਜੂਨ ਦੇ ਪਹਿਲੇ ਪੰਦਰਵਾੜੇ, ਤਿਲ ਦੀ ਮੌਨਸੂਨ ਸ਼ੁਰੂ ਹੋਣ 'ਤੇ ਜੁਲਾਈ ਦੇ ਪਹਿਲੇ ਪੰਦਰਵਾੜੇ ਅਤੇ ਬਾਜਰੇ ਦੀ ਜੁਲਾਈ ਦੇ ਸ਼ੁਰੂ ਵਿੱਚ ਬਿਜਾਈ ਕਰ ਦੇਣੀ ਚਾਹੀਦੀ ਹੈ। ਮੱਕੀ ਦਾ 10 ਕਿਲੋ, ਮੂੰਗੀ ਦਾ 8 ਕਿਲੋ, ਮਾਂਹ ਦਾ 6-8 ਕਿਲੋ, ਸੋਇਆਬੀਨ ਦਾ 25-30 ਕਿਲੋ, ਮੂੰਗਫਲੀ ਦੀ ਜੇ 87 ਕਿਸਮ ਦਾ 48 ਅਤੇ ਟੀ ਜੀ 37 ਏ ਦਾ 37 ਕਿਲੋ, ਤਿਲ ਦਾ 1 ਕਿਲੋ ਅਤੇ ਬਾਜਰੇ ਦਾ 1.5 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋਂ।

**ਬੀਜ ਨੂੰ ਜੀਵਾਣੂ ਖਾਦ ਦਾ ਟੀਕਾ ਲਾਉਣਾ** : ਮੱਕੀ ਦੇ ਬੀਜ ਨੂੰ ਅੱਧਾ ਕਿਲੋ ਕਨਸ਼ੋਰਸ਼ੀਅਮ ਜੀਵਾਣੂ ਖਾਦ ਦੇ ਨਾਲ ਜਦਕਿ ਮੂੰਗੀ ਅਤੇ ਮਾਂਹ ਦੇ ਬੀਜ ਨੂੰ ਰਾਈਜ਼ੋਬੀਅਮ, ਸੋਇਆਬੀਨ ਦੇ ਬੀਜ ਨੂੰ ਬਰੈਡੀਰਾਈਜ਼ੋਬੀਅਮ ਕਲਚਰ (ਪੈਕੇਟ) ਨਾਲ ਇੱਕ ਲਿਟਰ ਪਾਣੀ ਵਿੱਚ ਮਿਲਾ ਕੇ ਚੰਗੀ ਤਰ੍ਹਾਂ ਲਗਾਉਣ ਤੋਂ ਬਾਅਦ ਛਾਵੇਂ ਪੱਕੇ ਫ਼ਰਸ਼ 'ਤੇ ਖਿਲਾਰ ਕੇ ਸੁਕਾ ਲਓ ਅਤੇ ਛੇਤੀ ਬੀਜ ਦਿਓ।

ਬਾਕੀ ਸਫਾ 6 'ਤੇ





ਕਿਸਾਨਾਂ ਦੀ ਸੇਵਾ ਵਿੱਚ 1983 ਤੋਂ ਪ੍ਰਕਾਸ਼ਿਤ ਹੋਣ ਵਾਲਾ

ਖੇਤੀ ਦੁਨੀਆਂ

ਸੰਪੂਰਨ ਖੇਤੀਬਾੜੀ ਹਫਤਾਵਾਰੀ

ਇੱਕ ਸਾਲ ਵਿੱਚ 52 ਅੰਕ

ਹਰ ਹਫਤੇ ਖੇਤੀ ਅਤੇ ਸਹਾਇਕ ਧੰਦਿਆਂ ਦੀ ਨਵੀਨਤਮ ਜਾਣਕਾਰੀ ਪਾਓ

ਹੋਰ ਜਾਣਕਾਰੀ ਲਈ ਸੰਪਰਕ ਕਰੋ : 90410-14575, 98151-04575

# ਅੰਬ ਦੀ ਤੁੜਾਈ ਅਤੇ ਪਕਾਉਣ ਦੇ ਤਰੀਕੇ



**ਭਾਰਤ ਵਿੱਚ ਅੰਬ ਨੂੰ ਫਲਾਂ ਦਾ ਰਾਜਾ ਮੰਨਿਆ ਜਾਂਦਾ ਹੈ । ਇਹ ਫਲ ਸਾਰੇ ਭਾਰਤ ਵਿੱਚ ਪੈਦਾ ਹੋਣ, ਵਧੀਆ ਸੁਆਦ, ਵਧੇਰੇ ਪੌਸ਼ਟਿਕਤਾ ਅਤੇ ਉੱਤਮ ਗੁਣਵੱਤਾ ਕਰਕੇ ਪਸੰਦ ਕੀਤਾ ਜਾਂਦਾ ਹੈ । ਅੰਬ ਦੇ ਫਲ ਨੂੰ ਕੱਚੇ ਅਤੇ ਪੱਕਾ ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ ।**

**ਸਵਰੀਤ ਖਹਿਰਾ, ਨਵਪ੍ਰੇਮ ਸਿੰਘ ਅਤੇ ਬਿਕਰਮਜੀਤ ਸਿੰਘ,**
**ਫਲ ਵਿਗਿਆਨ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ**

**ਫਲ ਦੇ ਪੱਕਣ ਦੀਆਂ ਨਿਸ਼ਾਨੀਆਂ** : ਰੰਗ ਦਾ ਬਦਲਣਾ (ਹਰੇ ਤੋਂ ਪੀਲਾ ਹੋਣਾ), ਡੰਡੀ ਵਾਲੇ ਪਾਸੇ ਮੋਢਿਆਂ ਦਾ ਬਣਨਾ, ਫਲ ਦੇ ਗੁੱਦੇ ਦਾ ਗਿੱਟਕ ਵਾਲੇ ਪਾਸਿਉਂ ਪੀਲਾ ਹੋਣਾ ਸ਼ੁਰੂ ਹੋਣਾ ਅਤੇ ਕੁੱਝ ਕਿਸਮਾਂ ਜਿਵੇਂ ਕਿ ਲੰਗੜਾ ਅਤੇ ਚੌਂਸਾ ਦਾ ਪਾਣੀ ਵਿੱਚ ਡੁੱਬ ਜਾਣਾ ਹਨ ।

ਪੰਜਾਬ ਵਿੱਚ ਅੰਬ ਦੀਆਂ ਮੁੱਖ ਸਿਫਾਰਸ਼ ਕੀਤੀਆਂ ਕਿਸਮਾਂ ਦਸਹਿਰੀ, ਲੰਗੜਾ, ਅਲਫੈਂਜ਼ੋ ਅਤੇ ਚੂਪਣ ਵਾਲੇ ਅੰਬ (ਜੀ ਐਨ-1, ਜੀ ਐਨ-2, ਜੀ ਐਨ-3, ਜੀ ਐਨ-4, ਜੀ ਐਨ-5, ਜੀ ਐਨ-6, ਜੀ ਐਨ-7 ਅਤੇ ਗੰਗੀਆਂ ਸੰਧੂਰੀ (ਜੀ ਐਨ-19) ਹਨ । ਇਹ ਕਿਸਮਾਂ ਫਲ ਦੇ ਲੱਗਣ ਤੋਂ ਤਕਰੀਬਨ 15-16 ਹਫਤਿਆਂ ਬਾਅਦ ਪੱਕ ਜਾਂਦੀਆਂ ਹਨ ।

ਅੰਬ ਦੇ ਫਲਾਂ ਨੂੰ ਉਸ ਵਕਤ ਤੋੜਨਾ ਚਾਹੀਦਾ ਹੈ, ਜਦੋਂ ਇਸ ਦਾ ਪੂਰਾ ਆਕਾਰ ਅਤੇ ਮਨਭਾਉਂਦਾ ਰੰਗ ਪ੍ਰਾਪਤ ਕਰ ਲੈਣ ਅਤੇ ਮਿਠਾਸ ਅਤੇ ਖੱਟੇ ਦੀ ਪੂਰੀ ਮਾਤਰਾ ਇਨ੍ਹਾਂ ਵਿੱਚ ਮੌਜੂਦ ਹੋਵੇ । ਅੰਬਾਂ ਦੇ ਪੱਕਣ ਦੀ ਪਹਿਲੀ ਨਿਸ਼ਾਨੀ ਕੁਦਰਤੀ ਟਪਕਾ ਜਾਂ ਟਪਕਣਾ ਹੁੰਦਾ ਹੈ ਜੋ ਉਸ ਦੀ ਤੁੜਾਈ ਸ਼ੁਰੂ ਕਰਨ ਦਾ ਸੰਕੇਤ ਕਰਦੀ ਹੈ । ਦੂਜਾ ਤਰੀਕਾ ਫਲਾਂ ਦੇ ਲੱਗਣ ਤੋਂ 90-110 ਦਿਨਾਂ ਬਾਅਦ ਤੋੜਨ ਲਈ ਤਿਆਰ ਹੋਣਾ ਮੰਨਿਆ ਜਾਂਦਾ ਹੈ । ਰੰਗਦਾਰ ਕਿਸਮਾਂ ਵਿੱਚ ਫਲ ਉੱਪਰ ਰੰਗ ਦਾ ਆ ਜਾਣਾ ਵੀ ਪੱਕਣ ਦੀ ਨਿਸ਼ਾਨੀ ਹੈ । ਅੰਬ ਦੀ ਘਣਤਾ ਵੀ ਉਸ ਦੇ ਪੱਕਣ ਦੀ ਨਿਸ਼ਾਨੀ ਹੈ । ਜੇ ਅੰਬ ਪਾਣੀ ਵਿੱਚ ਡੋਬੇ ਜਾਣ ਤੇ ਇਹ ਡੁੱਬ ਜਾਣ ਤਾਂ ਇਸ ਦੀ ਘਣਤਾ ਤਕਰੀਬਨ 1.0 ਹੁੰਦੀ ਹੈ ਜੋ ਕਿ ਫਲ ਦੇ ਪੱਕਣ ਦਾ ਸੰਕੇਤ ਹੈ । ਫਲ ਦੇ ਪੱਕਣ ਦਾ ਅੰਦਾਜ਼ਾ ਇਸ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਉਸਦੇ ਗੁੱਦੇ ਦਾ ਰੰਗ ਚਿੱਟੇ ਤੋਂ ਹਲਕਾ ਪੀਲਾ ਹੋ ਗਿਆ ਹੈ ਅਤੇ ਉਸਦੀ ਗਿੱਟਕ ਸਖਤ ਹੋ ਗਈ ਹੈ ।

**ਤੁੜਾਈ** : ਪੱਕਿਆ ਹੋਇਆ ਫਲ ਆਸਾਨੀ ਨਾਲ ਟਾਹਣੀ ਨਾਲੋਂ ਵੱਖ ਹੋ ਜਾਂਦਾ ਹੈ । ਅੰਬ ਤੁੜਾਈ ਉਪਰੰਤ ਪੱਕਣ ਵਾਲਾ ਫਲ ਹੈ ਅਤੇ ਇਸ ਲਈ ਜਦੋਂ ਫਲ ਪੂਰੀ ਤਰ੍ਹਾਂ ਤਿਆਰ ਪਰ ਸਖਤ ਹੋਣ ਉਦੋਂ ਤੋੜੋ । ਫਲਾਂ ਦੀ ਤੁੜਾਈ ਹਮੇਸ਼ਾਂ ਸਵੇਰੇ ਠੰਢੇ ਸਮੇਂ ਕਰਨੀ ਚਾਹੀਦੀ ਹੈ । ਦੂਰ ਦੀਆਂ ਮੰਡੀਆਂ ਲਈ




ਫਲਾਂ ਦੀ ਤੁੜਾਈ ਸ਼ਾਮ ਸਮੇਂ ਕਰੋ । ਤੁੜਾਈ ਉਪਰੰਤ ਰਾਤ ਨੂੰ ਫਲਾਂ ਨੂੰ ਠੰਢਿਆਂ ਕਰਕੇ ਛਾਂਟੀ, ਦਰਜਾਬੰਦੀ ਅਤੇ ਡੱਬਾਬੰਦੀ ਕਰਨ ਮਗਰੋਂ ਸਵੇਰੇ ਤੜਕੇ ਹੀ ਮੰਡੀ ਲਈ ਭੇਜ ਦਿਉ । ਅੰਬ ਹਰੇ ਰੰਗ ਦੇ ਹੀ ਤੋੜ ਲੈਣੇ ਚਾਹੀਦੇ ਹਨ । ਤੁੜਾਈ ਸਮੇਂ ਧਿਆਨ ਰੱਖਣ ਯੋਗ ਗੱਲ ਇਹ ਹੈ ਕਿ ਫਲ ਧਰਤੀ 'ਤੇ ਨਾ ਡਿੱਗਣ ।

ਕਈ ਵਾਰ ਵੱਧ ਮੁਨਾਫਾ ਕਮਾਉਣ ਲਈ ਫਲ ਨੂੰ ਪੱਕਣ ਤੋਂ ਪਹਿਲਾਂ ਹੀ ਤੋੜ ਲਿਆ ਜਾਂਦਾ ਹੈ । ਜੇ ਫਲ ਨੂੰ ਕੱਚਾ ਤੋੜ ਲਿਆ ਜਾਵੇ ਤਾਂ ਉਸ ਉੱਤੇ ਚਿੱਟੇ ਧੱਬੇ ਪੈ ਜਾਂਦੇ ਹਨ ਅਤੇ ਉਸ ਦੇ ਵਿੱਚ ਕਈਂ ਅੰਦਰੂਨੀ ਸਮੱਸਿਆਵਾਂ ਵੀ ਆ ਜਾਂਦੀਆਂ ਹਨ । ਅੰਬ ਦੀ ਛਿੱਲ ਫਟ ਜਾਵੇ ਤਾਂ ਉਸ ਵਿੱਚ ਬਿਮਾਰੀ ਲੱਗ ਜਾਂਦੀ ਹੈ ਅਤੇ ਫਲ ਖਰਾਬ ਹੋ ਜਾਂਦਾ ਹੈ । ਜ਼ਿਆਦਾ ਸਿੱਲ੍ਹੇ ਮੌਸਮ ਵਿੱਚ ਤੁੜਾਈ ਕਰਨ ਨਾਲ ਫਲਾਂ ਤੇ ਜੀਵਾਣੂਆਂ ਦਾ ਹਮਲਾ ਹੋਣ ਦੇ ਆਸਾਰ ਵੱਧ ਜਾਂਦੇ ਹਨ । ਅੰਬ ਦੀ ਤੁੜਾਈ ਦਾ ਸਮਾਂ ਮੰਡੀ ਦੀ ਦੂਰੀ, ਮੰਡੀ ਵਿੱਚ ਫਲ ਦੀ ਆਮਦ ਅਤੇ ਕੀਮਤ ਨੂੰ ਧਿਆਨ ਵਿੱਚ ਰੱਖ ਕੇ ਤਹਿ ਕਰਨਾ ਚਾਹੀਦਾ ਹੈ ।

**ਤੁੜਾਈ ਦੇ ਢੰਗ** : ਅੰਬ ਪੌੜੀ ਲਾ ਕੇ ਹੱਥ ਨਾਲ ਤੋੜ ਕੇ ਥੈਲੇ ਵਿੱਚ ਪਾਉ ਜਾਂ ਅੰਬ ਪਿੱਕਰ (ਬਾਂਸ ਦੀ ਸੋਟੀ ਨਾਲ ਲੱਗੀ ਤਿੱਖੀ ਹੁੱਕ ਅਤੇ ਉਸ ਨਾਲ ਅੰਬ ਇਕੱਠੇ ਕਰਨ ਲਈ ਛਿੱਕੂ ਬੰਨਿਆ ਹੋਵੇ) ਨਾਲ ਕਰਨੀ ਚਾਹੀਦੀ ਹੈ । ਤੁੜਾਈ ਵੇਲੇ ਖਾਸ ਧਿਆਨ ਰੱਖੋ ਕਿ ਡੰਡੀ ਵਿੱਚੋਂ ਰਸ ਨਿਕਲ ਕੇ ਫਲ ਦੇ ਉੱਪਰ ਨਾ ਪਵੇ ਕਿਉਂਕਿ ਇਸ ਨਾਲ ਫਲ 'ਤੇ ਧੱਬੇ ਜਾਂ ਧਾਰੀਆਂ ਪੈ ਜਾਂਦੀਆਂ ਹਨ । ਤੋੜਨ ਤੋਂ ਤੁਰੰਤ ਮਗਰੋ ਫਲਾਂ ਨੂੰ ਛਾਂ ਹੇਠ ਹਵਾਦਾਰ ਥਾਂ ਜਾਂ ਸ਼ੈੱਡ ਵਿੱਚ ਹੌਲੀ ਹੌਲੀ ਢੇਰੀ ਕਰੋ ।

**ਤੁੜਾਈ ਉਪਰੰਤ ਸਾਂਭ-ਸੰਭਾਲ ਅਤੇ ਮੰਡੀਕਰਨ** : ਲੋਕਾਂ ਨੂੰ ਵਧੀਆ ਗੁਣਵੱਤਾ ਦਾ ਫਲ ਮੁਹੱਈਆ ਕਰਾਉਣ



ਅਤੇ ਕਾਸ਼ਤਕਾਰ ਨੂੰ ਵੱਧ ਮੁਨਾਫਾ ਦੇਣ ਲਈ ਤੁੜਾਈ ਉਪਰੰਤ ਫਲ ਦੀ ਸਾਂਭ-ਸੰਭਾਲ ਬਹੁਤ ਜ਼ਰੂਰੀ ਹੈ । ਲਗਭਗ 20-25 ਪ੍ਰਤੀਸ਼ਤ ਪੱਕਾ ਹੋਇਆ ਫਲ ਤੁੜਾਈ, ਗਰੇਡਿੰਗ, ਪੈਕਿੰਗ ਅਤੇ ਪ੍ਰੋਸੈਸਿੰਗ ਸਹੀ ਨਾ ਹੋਣ ਕਾਰਨ ਖਰਾਬ ਹੋ ਜਾਂਦਾ ਹੈ ।

**ਦਰਜਾਬੰਦੀ (ਗਰੇਡਿੰਗ) ਅਤੇ ਪੈਕਿੰਗ** : ਮੰਡੀ ਭੇਜਣ ਲਈ ਅੰਬਾਂ ਦੀ ਦਰਜਾਬੰਦੀ ਕਰਕੇ ਡੱਬਿਆਂ ਵਿੱਚ ਬੰਦ ਕਰਨਾ ਚਾਹੀਦਾ ਹੈ । ਇਹ ਦਰਜਾਬੰਦੀ ਆਕਾਰ, ਭਾਰ ਅਤੇ ਪੱਕਣ ਅਨੁਸਾਰ ਕੀਤੀ ਜਾਂਦੀ ਹੈ । ਦਰਜਾਬੰਦੀ ਕਰਦੇ ਸਮੇਂ ਨਕਾਰਾ, ਛੋਟੇ ਆਕਾਰ ਦੇ, ਕੱਚੇ, ਵੱਧ ਪੱਕੇ, ਬੇਢੱਬੇ, ਦਾਗੀ, ਪੰਛੀਆਂ ਦੁਆਰਾ ਖਰਾਬ ਕੀਤੇ ਫਲ ਵੱਖਰੇ ਕਰ ਦੇਣੇ ਚਾਹੀਦੇ ਹਨ । ਭਾਰ ਦੇ ਅਨੁਸਾਰ ਅੰਬਾਂ ਦੀ ਦਰਜਾਬੰਦੀ 'ਏ' ਗਰੇਡ (200-350 ਗ੍ਰਾਮ), 'ਬੀ' ਗਰੇਡ (351-550 ਗ੍ਰਾਮ) ਅਤੇ 'ਸੀ' ਗਰੇਡ (551-800 ਗ੍ਰਾਮ) ਦੇ ਹਿਸਾਬ ਨਾਲ ਕੀਤੀ ਜਾਂਦੀ ਹੈ । ਵੱਖ-ਵੱਖ ਗਰੇਡਾਂ ਵਿੱਚ ਵੰਡਣ ਉਪਰੰਤ ਅੰਬਾਂ ਨੂੰ 45-50 ਸੈਂਟੀਗਰੇਡ ਗਰਮ ਪਾਣੀ ਵਿੱਚ ਪਾ ਕੇ ਧੋ ਲਵੋ । ਫਲਾਂ ਨੂੰ ਫਿਰ ਸਟਾਫਰੈਸ਼ ਮੋਮ ਮਿਸ਼ਰਨ ਲਗਾ ਕੇ ਕੁੱਝ ਸਮਾਂ ਸੁੱਕਣ ਦਿਉ ਅਤੇ 45×25×25 ਸੈਂਟੀਮੀਟਰ ਦੇ 5 ਪਲਾਈ ਦੇ ਡੱਬੇ ਵਿੱਚ 2-3 ਤਹਿਆਂ ਵਿੱਚ ਬੰਦ ਕਰਕੇ ਮੰਡੀਕਰਨ ਕਰੋ ।

**ਫਲਾਂ ਨੂੰ ਪਕਾਉਣਾ** : ਅੰਬਾਂ ਨੂੰ ਪਕਾਉਣ ਲਈ ਕਈ ਤਰੀਕੇ ਵਰਤੇ ਜਾਂਦੇ ਹਨ । ਭਾਰਤ ਵਿੱਚ 99 ਪ੍ਰਤੀਸ਼ਤ ਅੰਬ ਦਾ ਫਲ ਕੈਲਸ਼ੀਅਮ ਕਾਰਬਾਈਡ ਜਿਸ ਨੂੰ ਮਸਾਲਾ ਵੀ ਕਿਹਾ ਜਾਂਦਾ ਹੈ, ਨਾਲ ਪਕਾਇਆ ਜਾਂਦਾ ਹੈ । ਇਸ ਨਾਲ ਪਕਾਏ ਅੰਬ ਘੱਟ ਗੁਣਵੱਤਾ ਅਤੇ ਸੁਆਦ ਵਾਲੇ ਹੁੰਦੇ ਹਨ । ਭਾਰਤ ਸਰਕਾਰ ਵੱਲੋਂ ਇਸ ਜ਼ਹਿਰੀਲੇ ਰਸਾਇਣ ਨਾਲ ਫਲ ਪਕਾਉਣ 'ਤੇ ਪਾਬੰਦੀ ਲਗਾਈ ਗਈ ਹੈ । ਨਮੀਂ ਦੇ ਸੰਪਰਕ ਵਿੱਚ ਆਉਣ ਨਾਲ ਕੈਲਸ਼ੀਅਮ ਕਾਰਬਾਈਡ ਗਰਮੀ ਅਤੇ ਐਸਿਟੀਲੀਨ ਗੈਸ ਪੈਦਾ ਕਰਦਾ ਹੈ ਜੋ ਕਿ ਫਲ ਪਕਾਉਣ ਦਾ ਕੰਮ ਕਰਦੀ ਹੈ । ਐਸਿਟੀਲੀਨ ਗੈਸ ਦਿਮਾਗ ਨੂੰ ਆਕਸੀਜਨ ਦੀ ਸਪਲਾਈ ਘਟਾ ਦਿੰਦੀ ਹੈ ਜਿਸ ਨਾਲ ਦਿਮਾਗ ਦੀਆਂ ਨਸਾਂ ਪ੍ਰਭਾਵਿਤ ਹੁੰਦੀਆਂ ਹਨ ।

ਚੰਗੀ ਤਰ੍ਹਾਂ ਪੱਕੇ ਅਤੇ ਵਧੀਆ ਗੁਣਵੱਤਾ ਦੇ ਫਲ ਲੈਣ ਲਈ ਸਭ ਤੋਂ ਸੁਰੱਖਿਅਤ ਤਰੀਕਾ ਐਥੀਫੋਨ ਦੀ ਵਰਤੋਂ ਕਰਕੇ ਅੰਬ ਪਕਾਉਣਾ ਹੈ । ਐਥੀਫੋਨ ਫਲ ਵਿੱਚ ਮਿਠਾਸ ਅਤੇ ਸਵਾਦ ਬਰਕਰਾਰ ਰੱਖਦਾ ਹੈ, ਗੁੱਣਵੱਤਾ ਵਿੱਚ ਵਾਧਾ ਕਰਦਾ ਹੈ ਅਤੇ ਇਕਸਾਰ ਰੰਗ ਦਿੰਦਾ ਹੈ । ਜੂਨ ਦੇ ਅਖੀਰ ਜਾਂ ਜੁਲਾਈ ਦੇ ਪਹਿਲੇ ਹਫਤੇ ਤੋੜ ਕੇ ਐਲਫੈਂਜ਼ੋ ਦੇ ਫਲ 4 ਦਿਨ੍ਹਾਂ ਵਿੱਚ ਪਕਾਏ ਜਾ ਸਕਦੇ ਹਨ । ਇਸ ਲਈ ਫਲਾਂ ਨੂੰ 600 ਪੀ ਪੀ ਐਮ ਐਥੀਫੋਨ (1.5 ਮਿਲੀਲਿਟਰ ਪ੍ਰਤੀ ਲਿਟਰ ਪਾਣੀ) ਦੇ ਘੋਲ ਵਿੱਚ 4 ਮਿੰਟਾਂ ਲਈ ਡੋਬੋ । ਇਸ ਉਪਰੰਤ ਅੰਬਾਂ ਨੂੰ ਚੰਗੀ ਤਰ੍ਹਾਂ ਸੁਕਾ ਕੇ ਕਾਗਜ਼ ਲੱਗੇ ਲੱਕੜ ਦੇ ਡੱਬਿਆਂ ਵਿੱਚ ਪੈਕ ਕਰ ਦਿਉ ।

ਫਲਾਂ ਨੂੰ ਤੋੜਨ ਉਪਰੰਤ ਸਾਫ ਪਾਣੀ ਨਾਲ ਧੋ ਕੇ 0.01 ਫੀਸਦੀ ਕਲੋਰੀਨ ਵਾਲੇ ਪਾਣੀ (ਸੋਡੀਅਮ ਹਾਈਪੋਕਲੋਰਾਈਟ 4% 2.5 ਮਿਲੀਲਿਟਰ ਪ੍ਰਤੀ ਲੀਟਰ ਪ੍ਰਤੀ ਲੀਟਰ ਪਾਣੀ) ਵਿੱਚ ਡੁਬੋ ਕੇ ਕੀਟਾਣੂ ਰਹਿਤ ਕਰੋ ਅਤੇ ਛਾਂ ਹੇਠ ਸੁਕਾਉ । ਲੰਗੜਾ ਅਤੇ ਦੁਸਹਿਰੀ ਕਿਸਮਾਂ ਦੇ ਫਲਾਂ ਨੂੰ 4-5 ਦਿਨਾਂ ਵਿੱਚ ਪਕਾਉਣ ਲਈ ਫਲਾਂ ਨੂੰ ਪੱਕਣਯੋਗ ਅਵਸਥਾ 'ਤੇ ਤੋੜ ਕੇ ਗੱਤੇ ਦੇ ਡੱਬੇ ਵਿੱਚ ਕਾਗਜ਼ ਦੀ ਤਹਿ ਲਗਾ ਕੇ ਬੰਦ ਕਰੋ । ਇਸ ਉਪਰੰਤ ਇਸ ਨੂੰ 25 ਡਿਗਰੀ ਤਾਪਮਾਨ 'ਤੇ ਰੱਖਣ ਨਾਲ ਫਲ ਇਕਸਾਰ ਪੱਕ ਜਾਂਦੇ ਹਨ ।

ਬਾਕੀ ਸਫਾ 5 ਦੀ

## ਕੰਢੀ ਖੇਤਰ ਵਿੱਚ ਸਾਉਣੀ ਦੀਆਂ ਫ਼ਸਲਾਂ : ਘੱਟ ਖਰਚਾ, ਵੱਧ ਮੁਨਾਫ਼ਾ

**ਖਾਦਾਂ ਦਾ ਪ੍ਰਬੰਧ** : ਮੱਕੀ ਕਣਕ ਫ਼ਸਲ ਪ੍ਰਣਾਲੀ ਲਈ 6 ਟਨ ਪ੍ਰਤੀ ਏਕੜ ਰੂੜੀ ਦੀ ਖਾਦ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ । ਇਸ ਤੋਂ ਇਲਾਵਾ ਨਾਈਟ੍ਰੋਜਨ 32 ਕਿਲੋਗ੍ਰਾਮ ਅਤੇ ਫਾਸਫੋਰਸ 16 ਕਿਲੋਗ੍ਰਾਮ ਪ੍ਰਤੀ ਏਕੜ ਪਾਉਣੀ ਚਾਹੀਦੀ ਹੈ । ਮਿੱਟੀ ਪਰਖ ਤੋਂ ਉਪਰੰਤ 8 ਕਿਲੋਗ੍ਰਾਮ ਪ੍ਰਤੀ ਏਕੜ ਪੋਟਾਸ਼ ਵਰਤਿਆ ਜਾ ਸਕਦਾ ਹੈ । ਘੱਟ ਪਾਣੀ ਸੰਭਾਲਣ ਦੀ ਸਮਰੱਥਾ ਵਾਲੀਆਂ ਜ਼ਮੀਨਾਂ ਵਿੱਚ ਨਾਈਟ੍ਰੋਜਨ 16 ਕਿਲੋਗ੍ਰਾਮ ਅਤੇ ਫਾਸਫੋਰਸ 8 ਕਿਲੋਗ੍ਰਾਮ ਪ੍ਰਤੀ ਏਕੜ ਪਾਉਣੀ ਚਾਹੀਦੀ ਹੈ । ਮਿੱਟੀ ਪਰਖ ਉਪਰੰਤ 4 ਕਿਲੋਗ੍ਰਾਮ ਪ੍ਰਤੀ ਏਕੜ ਪੋਟਾਸ਼ ਵਰਤਿਆ ਜਾ ਸਕਦਾ ਹੈ । ਸੋਇਆਬੀਨ ਵਿੱਚ ਬਿਜਾਈ ਸਮੇਂ 12.5 ਕਿਲੋ ਨਾਈਟ੍ਰੋਜਨ ਅਤੇ 32 ਕਿਲੋ ਫਾਸਫੋਰਸ ਤੱਤ ਪ੍ਰਤੀ ਏਕੜ ਪਾਓ । ਪਰ ਜੇਕਰ ਕਣਕ ਨੂੰ ਫਾਸਫੋਰਸ ਤੱਤ ਦੀ ਸਿਫ਼ਾਰਸ਼ ਕੀਤੀ ਮਾਤਰਾ ਪਾਈ ਹੋਵੇ ਤਾਂ ਕਣਕ ਪਿੱਛੋਂ ਸੋਇਆਬੀਨ ਨੂੰ 24 ਕਿਲੋ ਫਾਸਫੋਰਸ ਤੱਤ ਪ੍ਰਤੀ ਏਕੜ ਹੀ ਪਾਓ । ਮੂੰਗਫਲੀ ਵਿੱਚ 50 ਕਿਲੋ ਜਿਪਸਮ ਬਿਜਾਈ ਸਮੇਂ ਛੱਟਾ ਦੇ ਦਿਓ ਅਤੇ ਨਾਈਟ੍ਰੋਜਨ 6 ਕਿਲੋਗ੍ਰਾਮ ਅਤੇ ਫਾਸਫੋਰਸ 8 ਕਿਲੋਗ੍ਰਾਮ ਖਾਦ ਨੂੰ ਬਿਜਾਈ ਸਮੇਂ ਡਰਿੱਲ ਕਰ ਦਿਓ । ਬਾਜਰੇ ਲਈ ਨਾਈਟ੍ਰੋਜਨ 25 ਕਿਲੋਗ੍ਰਾਮ ਅਤੇ ਫਾਸਫੋਰਸ 12 ਕਿਲੋਗ੍ਰਾਮ ਪ੍ਰਤੀ ਏਕੜ ਪਾਉਣੀ ਚਾਹੀਦੀ ਹੈ ।

**ਅੰਤਰ ਫ਼ਸਲੀ ਪ੍ਰਣਾਲੀ** : ਮੱਕੀ ਦੀਆਂ 2 ਲਾਈਨਾਂ ਵਿੱਚ ਮੂੰਗੀ ਜਾਂ ਮਾਂਹ ਦੀ ਕਾਸ਼ਤ ਕਰਨ ਨਾਲ ਮੱਕੀ ਦੇ ਝਾੜ ਵਿੱਚ ਇਕੱਲੀ ਮੱਕੀ ਦੇ ਝਾੜ ਨਾਲੋਂ ਇਜ਼ਾਫਾ ਹੁੰਦਾ ਹੈ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਵੀ ਵਧਦੀ ਹੈ । ਸੋਇਆਬੀਨ ਦੀ ਮੱਕੀ ਵਿੱਚ ਕਾਸ਼ਤ ਕੀਤੀ ਜਾ ਸਕਦੀ ਹੈ । ਮੱਕੀ ਦੀਆਂ ਲਾਈਨਾਂ ਵਿਚਕਾਰ ਸੋਇਆਬੀਨ ਦੀ ਇੱਕ ਲਾਈਨ 60 ਸੈਂਟੀਮੀਟਰ ਦੀ ਵਿੱਥ 'ਤੇ ਬੀਜੋ ।

**ਮਲਚਿੰਗ** : ਮੱਕੀ ਦੀ ਖੜ੍ਹੀ ਫ਼ਸਲ ਵਿੱਚ ਬਸੂਟੀ, ਭੰਗ, ਕਾਨਾ, ਰਾਇਆ, ਨੜਾਂ ਦੀ ਵਰਤੋਂ ਮਲਚਿੰਗ ਲਈ ਕੀਤੀ ਜਾ ਸਕਦੀ ਹੈ । ਇਸ ਤੋਂ ਇਲਾਵਾ ਮੱਕੀ ਦੀਆਂ ਕਤਾਰਾਂ ਵਿਚਕਾਰ ਲੋਬੀਆ ਜਾਂ ਰਵਾਂਹ ਦੀ ਫ਼ਸਲ ਬੀਜੀ ਜਾ ਸਕਦੀ ਹੈ, ਜਿਸ ਨੂੰ ਇੱਕ ਮਹੀਨੇ ਬਾਅਦ ਕੱਟ ਕੇ ਮੱਕੀ ਦੀਆਂ ਕਤਾਰਾਂ ਵਿੱਚ ਮਲਚ ਵਜੋਂ ਵਿਛਾਇਆ ਜਾ ਸਕਦਾ ਹੈ । ਮਲਚਿੰਗ ਨਾਲ ਜਿੱਥੇ ਕੁਝ ਸਮੱਸਿਆਵਾਂ ਜਿਵੇਂ ਕਿ ਖੇਤੀ ਕਾਰਜਾਂ ਸਮੇਂ ਕੁਝ ਸੰਦਾਂ ਦੀ ਵਰਤੋਂ ਸਮੇਂ ਮੁਸ਼ਕਲ ਆਉਣਾ, ਸਿਉਂਕ ਦੇ ਹਮਲੇ ਆਦਿ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ ਪਰ ਇਸ ਦੇ ਫ਼ਾਇਦੇ ਇਸ ਤੋਂ ਕਿਤੇ ਵੱਧ ਹਨ । ਮਲਚਿੰਗ ਨਾਲ ਪਾਣੀ ਦੀ ਰਫ਼ਤਾਰ ਨੂੰ ਘੱਟ ਕਰਨਾ, ਭੋਂ-ਖੋਰ ਨੂੰ ਰੋਕਣਾ, ਜ਼ਮੀਨ ਵਿੱਚ ਨਮੀ ਦੀ ਮਿਕਦਾਰ ਵਿੱਚ ਵਾਧਾ, ਜ਼ਮੀਨ ਦੇ ਤਾਪਮਾਨ ਵਿੱਚ ਕਮੀ ਲਿਆਉਣੀ ਆਦਿ ਅਨੇਕਾਂ ਫ਼ਾਇਦੇ ਹੁੰਦੇ ਹਨ, ਜਿਸ ਨਾਲ ਫ਼ਸਲ ਦੇ ਝਾੜ ਵਿੱਚ ਵਾਧਾ ਅਤੇ ਅਗਾਂਹ ਬਿਜਾਈ ਵਾਲੀ ਫ਼ਸਲ ਲਈ ਨਮੀ ਨੂੰ ਸੁਰੱਖਿਅਤ ਰੱਖਿਆ ਜਾਂਦਾ ਹੈ ।

ਬਰਾਨੀ ਹਾਲਾਤ ਵਿੱਚ ਸਾਉਣੀ ਦੀਆਂ ਫ਼ਸਲਾਂ ਦੀ ਕਾਸ਼ਤ ਸਮੇਂ ਬਰਸ਼ਾ ਦੇ ਘੱਟ ਜਾਂ ਸਮੇਂ ਸਿਰ ਨਾ ਹੋਣ ਉੱਤੇ ਫ਼ਸਲਾਂ ਉੱਪਰ ਬੁਰਾ ਅਸਰ ਪੈਂਦਾ ਹੈ, ਜਿਸ ਨੂੰ ਘੱਟ ਕਰਨ ਲਈ 1 ਫ਼ੀਸਦੀ ਪੋਟਾਸ਼ੀਅਮ ਨਾਈਟਰੇਟ ਦੀ ਸਪਰੇਅ ਕਰਨੀ ਚਾਹੀਦੀ ਹੈ । ਇਸ ਤੋਂ ਇਲਾਵਾ ਨਦੀਨਾਂ ਦੀ ਸਮੇਂ ਸਿਰ ਰੋਕਥਾਮ ਵੀ ਚੰਗੇ ਝਾੜ ਲਈ ਸਹਾਈ ਹੁੰਦੀ ਹੈ ।

# ਜੁਲਾਈ ਮਹੀਨੇ ਦੇ ਖੇਤੀ ਰੁਝੇਵੇਂ

**ਸੰਯੋਜਕ** : ਅਮਰਜੀਤ ਸਿੰਘ
**ਸੰਗ੍ਰਹਿ ਕਰਤਾ** : ਅਮਿਤ ਕੌਲ, ਰਵਿੰਦਰ ਸਿੰਘ ਚੰਦੀ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਜਸਪਾਲ ਸਿੰਘ, ਨਵਨੀਤ ਕੌਰ, ਸਿਮਰਤ ਸਿੰਘ, ਦਿਲਪ੍ਰੀਤ ਸਿੰਘ ਤਲਵਾੜ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ

ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ ।

★ ਨਿੰਬੂ ਅਤੇ ਅੰਗੂਰਾਂ ਵਿੱਚ ਮਿਲੀਬੱਗ ਦੀ ਰੋਕਥਾਮ ਲਈ ਸਮੇਂ-ਸਮੇਂ ਤੇ ਪੱਤਿਆਂ ਦੇ ਹੇਠਲੇ ਪਾਸੇ, ਨਰਮ ਟਾਹਣੀਆਂ, ਜ਼ਮੀਨ ਨਾਲ ਛੂੰਹਦੀਆਂ ਟਾਹਣੀਆਂ ਅਤੇ ਫ਼ਲਾਂ ਦੀ ਜਾਂਚ ਕਰਦੇ ਰਹੋ । ਬਾਗਾਂ ਨੂੰ ਸਾਫ-ਸੁਥਰਾ ਰੱਖਣ ਲਈ ਨਦੀਨਾਂ ਅਤੇ ਘਾਹ ਦੀ ਰੋਕਥਾਮ ਕਰੋ । ਦਰੱਖਤਾਂ ਦੀਆਂ ਟਾਹਣੀਆਂ ਦੀ ਕਾਂਟ-ਛਾਂਟ ਇਸ ਢੰਗ ਨਾਲ ਕਰੋ ਕਿ



ਉਹ ਜ਼ਮੀਨ ਨੂੰ ਨਾ ਲੱਗਣ । ਹਮਲੇ ਹੇਠ ਆਈਆਂ ਟਾਹਣੀਆਂ ਨੂੰ ਕੱਟ ਕੇ ਨਸ਼ਟ ਕਰ ਦਿਓ । ਬਾਗਾਂ ਵਿੱਚੋਂ ਕੀੜੀਆਂ/ਕਾਢਿਆਂ ਦੇ ਭੌਣ ਨੂੰ ਨਸ਼ਟ ਕਰੋ ।

★ ਨਿੰਬੂ ਜਾਤੀ ਦੇ ਟਾਹਣੀਆਂ ਸੁੱਕਣ ਦੇ ਰੋਗ, ਸਕੈਬ ਅਤੇ ਕੋਹੜ ਰੋਗ ਨੂੰ ਰੋਕਣ ਲਈ ਬੋਰਡੋ ਮਿਸ਼ਰਣ (2:2:250) ਦਾ ਛਿੜਕਾਅ 15 ਦਿਨਾਂ ਦੇ ਵਕਫੇ ਤੇ ਕਰੋ ।

★ ਅਮਰੂਦਾਂ ਵਿੱਚ ਫ਼ਲ ਦੀ ਮੱਖੀ



ਦੀ ਰੋਕਥਾਮ ਲਈ ਜੁਲਾਈ ਦੇ ਪਹਿਲੇ ਹਫ਼ਤੇ ਪੀ ਏ ਯੂ ਫਰੂਟ ਫਲਾਈ ਟਰੈਪ (16 ਟਰੈਪ ਪ੍ਰਤੀ ਏਕੜ) ਲਗਾਓ ਅਤੇ ਲੋੜ ਪੈਣ ਤੇ ਦੁਬਾਰਾ ਲਗਾਓ । ਬਾਗਾਂ ਵਿੱਚ ਫ਼ਲ ਦੀ ਮੱਖੀ ਗ੍ਰਸਤ ਫ਼ਲਾਂ ਨੂੰ ਲਗਾਤਾਰ ਇਕੱਠਾ ਕਰਕੇ ਦਬਾਉਂਦੇ ਰਹੋ। ਬਰਸਾਤ ਦੇ ਅਮਰੂਦਾਂ ਨੂੰ ਫ਼ਲ ਦੀ ਮੱਖੀ ਦੇ ਹਮਲੇ ਤੋਂ ਬਚਾਉਣ ਲਈ ਪੂਰੇ ਵੱਡੇ ਪਰ ਸਖ਼ਤ ਹਰੇ ਫ਼ਲਾਂ ਚਿੱਟੇ ਰੰਗ ਦੇ ਨਾਨ-ਵੂਵਨ ਲਿਫਾਫਿਆਂ ਨਾਲ ਢੱਕਿਆ ਜਾ ਸਕਦਾ ਹੈ । ਫ਼ਲਾਂ ਨੂੰ ਲਗਾਤਾਰ ਵਾਚਦੇ ਰਹੋ ਅਤੇ ਸਹੀ ਪੜਾਅ ਤੇ ਇਨ੍ਹਾਂ ਦੀ ਤੁੜਾਈ ਕਰ ਲਵੋ ।

★ ਨਿੰਬੂ ਜਾਤੀ ਦੇ ਪੈਰੋਂ ਗਲੂਣ ਦੇ ਰੋਗ (ਫਾਈਟੱਪਥੋਰਾ ਰੋਗ) ਦੀ ਰੋਕਥਾਮ ਕਾਰਜ਼ੈਂਟ ਐੱਮ-8 (2 ਗ੍ਰਾਮ ਪ੍ਰਤੀ 100 ਮਿਲੀਲਿਟਰ ਅਲਸੀ ਦੇ ਤੇਲ ਦੇ ਹਿਸਾਬ ਨਾਲ) ਪੇਂਟ ਦੇ ਤੌਰ ਤੇ ਬਿਮਾਰੀ ਵਾਲੇ ਤਣੇ ਤੇ ਲਗਾਉ ਅਤੇ ਬੂਟੇ ਦੇ ਹੇਠਾਂ ਵਾਲੀ ਜ਼ਮੀਨ ਨੂੰ ਜੁਲਾਈ-ਅਗਸਤ ਵਿੱਚ (25 ਗ੍ਰਾਮ ਪ੍ਰਤੀ 10 ਲਿਟਰ ਪਾਣੀ) ਚੰਗੀ ਤਰ੍ਹਾਂ ਭਿਉਂ ਦਿਉ ਜਾਂ ਬੂਟਿਆਂ ਦੀ ਛੱਤਰੀ ਹੇਠ ਜ਼ਮੀਨ ਅਤੇ ਮੁੱਖ ਤਣਿਆਂ ਉਪਰ 50 ਮਿ.ਲਿ. ਸੋਡੀਅਮ ਹਾਈਪੋਕਲੋਰਾਈਡ (5%) ਨੂੰ 10 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਬੂਟਾ ਪਾਇਆ ਜਾ ਸਕਦਾ ਹੈ । ਇਸ ਉਚਾਰ ਨੂੰ 2 ਸਾਲ ਲਗਾਤਾਰ ਪਾਉਣ ਤੋਂ ਬਾਅਦ ਮਿੱਟੀ ਪਰਖ ਰਿਪੋਰਟ ਦੇ ਆਧਾਰ ਤੇ ਪਾਓ । ਸੋਡੀਅਮ ਹਾਈਪੋਕਲੋਰਾਈਡ ਦੀ ਸਪਰੇਅ ਤੋਂ ਇੱਕ ਹਫ਼ਤਾ ਬਾਅਦ 100 ਗ੍ਰਾਮ ਟਰਾਈਕੋਡਰਮਾ ਐਸਪੈਰੇਲਮ ਦੀ ਪਾਊਡਰ ਬਾਇਓ-ਫਾਰਮੂਲੇਸ਼ਣ ਨੂੰ 2.5 ਕਿਲੋ ਰੂੜੀ ਨਾਲ ਮਿਲਾ ਕੇ ਮੁੱਢ ਅਤੇ ਘੇਰੇ ਵਿੱਚ ਪਾਉਣ ਨਾਲ ਇਸ ਬਿਮਾਰੀ ਦੀ ਰੋਕਥਾਮ ਕੀਤੀ ਜਾ ਸਕਦੀ ਹੈ ।

★ ਅੰਗੂਰਾਂ ਦੇ ਬੂਟਿਆਂ ਨੂੰ ਕੋਹੜ ਦੇ ਰੋਗ ਤੋਂ ਬਚਾਉਣ ਲਈ ਜੁਲਾਈ ਦੇ ਪਹਿਲੇ ਅਤੇ ਅਖੀਰਲੇ ਹਫ਼ਤੇ ਵਿੱਚ ਬੋਰਡੋ ਮਿਸ਼ਰਣ (2:2:250) ਦਾ ਛਿੜਕਾਅ 500 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ ।

## ਵਣ ਖੇਤੀ

ਜ਼ਿਆਦਾਤਰ ਦਰੱਖਤ ਜਿਵੇਂ ਕਿ ਸਫੈਦਾ, ਕਿੱਕਰ, ਸੁਬਾਬੁਲ, ਟਾਹਲੀ, ਡੇਕ, ਨਿੰਮ, ਸਾਗਵਾਨ ਆਦਿ ਦੇ ਬੂਟੇ ਬਰਸਾਤੀ ਮੌਸਮ (ਜੁਲਾਈ-ਅਗਸਤ) ਵਿੱਚ ਲਗਾਏ ਜਾ ਸਕਦੇ ਹਨ । ਬੂਟਿਆਂ ਦਾ ਪ੍ਰਬੰਧ ਕਿਸੇ ਚੰਗੀ ਨਰਸਰੀ ਤੋਂ ਅਡਵਾਂਸ ਵਿੱਚ ਕਰ ਲਵੋ । ਬੂਟੇ ਲਗਾਉਣ ਲਈ ਟੋਏ ਦਾ ਆਕਾਰ 50×50×50 ਸੈਂਟੀਮੀਟਰ ਹੋਵੇ ਜਿਸ ਵਿੱਚ ਗੋਹੇ ਦੀ ਗਲੀ-ਸੜੀ ਖਾਦ ਅਤੇ ਉਪਰਲੀ ਮਿੱਟੀ ਮਿਲਾ ਕੇ ਭਰ ਲੈਣੀ ਚਾਹੀਦੀ ਹੈ । ਲਿਫਾਫਾ ਉਤਾਰ ਕੇ ਬੂਟੇ ਟੋਏ ਦੇ ਵਿਚਕਾਰ ਲਗਾਓ । ਇਹ ਧਿਆਨ ਰੱਖਿਆ ਜਾਵੇ ਕਿ ਲਿਫਾਫਾ ਉਤਰਨ ਵੇਲੇ ਜੜ੍ਹਾਂ ਅਤੇ ਮਿੱਟੀ ਦੀ ਗਾਚੀ ਨੂੰ ਨੁਕਸਾਨ ਨਾ ਹੋਵੇ । ਬੂਟਾ ਲਗਾ ਕੇ ਉਸੇ ਵੇਲੇ ਪਾਣੀ ਲਗਾ ਦਿਓ । ਪਹਿਲੇ ਦੋ ਮਹੀਨੇ ਪਾਣੀ ਹਫ਼ਤੇ ਵਿੱਚ ਦੋ ਵਾਰੀ ਲਗਾਓ ।

**ਪਾਪਲਰ** : ਜੇਕਰ ਚੰਗੀ ਬਰਸਾਤ ਨਾ ਹੋਵੇ ਤਾਂ ਪਾਪਲਰ ਨੂੰ ਹਫ਼ਤੇ ਦੇ ਵਕਫ਼ੇ ਨਾਲ ਸਿੰਚਾਈ ਦਿੰਦੇ ਰਹੋ । ਪਾਪਲਰ ਦੀ ਨਰਸਰੀ ਵਿੱਚੋਂ ਭੱਬੂ ਕੁੱਤਾ ਅਤੇ ਪੱਤਾ ਲਪੇਟ ਸੁੰਡੀ ਨਾਲ ਪ੍ਰਭਾਵਿਤ ਪੱਤਿਆਂ ਨੂੰ ਇਕੱਠਾ ਕਰਕੇ ਨਸ਼ਟ ਕਰਨ ਨਾਲ ਇਨ੍ਹਾਂ ਤੇ ਕਾਬੂ ਪਾਇਆ ਜਾ ਸਕਦਾ ਹੈ । ਬੂਟਿਆਂ ਦੇ ਚੰਗੇ ਵਾਧੇ ਲਈ ਦਰਮਿਆਨੀਆਂ ਜ਼ਮੀਨਾਂ ਵਿੱਚ ਸਿਫ਼ਾਰਿਸ਼ ਕੀਤੀ ਯੂਰੀਆ (1, 2, 3, 4, 5 ਅਤੇ 6 ਸਾਲ ਉਮਰ ਦੀਆਂ ਪਲਾਂਟੇਸ਼ਨਾਂ ਨੂੰ ਕ੍ਰਮਵਾਰ 55, 85, 115, 145, 175 ਅਤੇ 205 ਗ੍ਰਾਮ ਪ੍ਰਤੀ ਬੂਟਾ) ਜੁਲਾਈ ਵਿੱਚ



ਪਾਓ ।

**ਕਲੋਨਲ ਸਫੈਦੇ ਲਈ ਖਾਦਾਂ ਦੀ ਲੋੜ** : ਬੂਟੇ ਲਾਉਣ ਸਮੇਂ 50 ਗ੍ਰਾਮ ਐਸ ਐਸ ਪੀ ਹਰ ਬੂਟੇ ਨੂੰ ਪਾਓ । ਉਸ ਤੋਂ ਬਾਅਦ ਪਹਿਲੇ, ਦੂਜੇ, ਤੀਜੇ, ਚੌਥੇ, ਪੰਜਵੇਂ ਅਤੇ ਛੇਵੇਂ ਸਾਲ ਕ੍ਰਮਵਾਰ 65-125-35, 130-250-65, 195-375-100, 260-500-135, 325-625-165 ਅਤੇ 390-750-200 ਗ੍ਰਾਮ ਪ੍ਰਤੀ ਬੂਟਾ ਯੂਰੀਆ ਐਸ ਐਸ ਪੀ ਐਮ ਓ ਪੀ ਪਾਉਣਾ ਚਾਹੀਦਾ ਹੈ । ਪੋਟਾਸ਼ ਸਿਰਫ਼ ਉਨ੍ਹਾਂ ਜ਼ਮੀਨਾਂ ਵਿੱਚ ਹੀ ਪਾਓ । ਜਿਥੇ ਪੋਟਾਸ਼ ਦੀ ਮਾਤਰਾ ਘੱਟ ਹੈ । (55 ਕਿਲੋ ਪ੍ਰਤੀ ਏਕੜ ਤੋਂ ਘੱਟ)। ਹਰ ਸਾਲ ਸਾਰੀ ਫਾਸਫੋਰਸ, ਪੋਟਾਸ਼ ਅਤੇ ਇੱਕ ਤਿਹਾਈ ਨਾਈਟ੍ਰੋਜਨ ਅਪ੍ਰੈਲ, ਇੱਕ ਤਿਹਾਈ ਨਾਈਟ੍ਰੋਜਨ ਜੁਲਾਈ ਅਤੇ ਬਾਕੀ ਇੱਕ ਤਿਹਾਈ ਨਾਈਟ੍ਰੋਜਨ ਅਕਤੂਬਰ ਵਿੱਚ ਪਾਓ ।

## ਸਜਾਵਟੀ ਬੂਟੇ

### ਸਦੀਵੀ ਸਜਾਵਟੀ ਬੂਟੇ

ਬਰਸਾਤਾਂ ਸ਼ੁਰੂ ਹੋਣ ਦੇ ਨਾਲ ਹੀ ਸਜਾਵਟੀ ਰੁੱਖ, ਝਾੜੀਆਂ ਅਤੇ ਵੇਲਾਂ ਨੂੰ ਪਹਿਲਾਂ ਨੂੰ ਵਿਉਂਤਬੰਦੀ ਅਨੁਸਾਰ (ਜਗ੍ਹਾ ਦੀ ਚੋਣ ਅਤੇ ਬੂਟਿਆਂ ਦੀ ਦੂਰੀ) ਤਿਆਰ ਕੀਤੇ ਗਏ ਟੋਇਆਂ ਵਿਚ ਲਾਇਆ ਜਾ ਸਕਦਾ ਹੈ । ਇਸ ਮੌਸਮ ਵਿੱਚ ਬਹੁਤ ਸਾਰੀਆਂ ਝਾੜੀਆਂ ਅਤੇ ਵੇਲਾਂ ਦਾ ਵਾਧਾ ਇਨ੍ਹਾਂ ਦੇ ਟੁਸਿਆਂ ਨੂੰ ਤੋੜ ਕੇ ਸਖ਼ਤ-ਜਾਨ ਕਮਲਾਂ ਰਾਹੀਂ ਤਿਆਰ ਕੀਤੀਆਂ ਕਲਮਾਂ ਨੂੰ ਰੇਤ ਵਿੱਚ ਲਗਾ ਕੇ ਵੀ ਕੀਤਾ ਜਾ ਸਕਦਾ ਹੈ ।

### ਗਮਲਿਆਂ ਦੇ ਬੂਟੇ

ਗਮਲਿਆਂ ਵਿੱਚ ਪਹਿਲਾਂ ਤੋਂ ਹੀ ਲੱਗੇ ਪੁਰਾਣੇ ਬੂਟਿਆਂ ਨੂੰ ਕੱਢ ਕੇ ਗਮਲੇ ਨੂੰ ਨਵੇਂ ਸਿਰਿਓਂ ਖਾਦ (ਗਲੀ-ਸੜੀ ਰੂੜੀ) ਅਤੇ ਮਿੱਟੀ ਦੇ ਮਿਸ਼ਰਣ ਨਾਲ ਭਰ ਕੇ ਨਵੇਂ ਤਿਆਰ ਕੀਤੇ ਬੂਟਿਆਂ ਨੂੰ ਦੁਬਾਰਾ ਲਗਾਓ । ਹਲਕੀ ਬਰਸਾਤ ਵਿੱਚ ਪੱਤੇਦਾਰ ਗਮਲਿਆਂ ਵਾਲੇ ਬੂਟਿਆਂ ਨੂੰ ਹਵਾਦਾਰ ਜਗ੍ਹਾਂ ਤੇ ਵਿਰੜੇ ਵਿੱਚ ਰੱਖ ਦਿਓ ਜਿਸ ਨਾਲ ਬੂਟਿਆਂ ਵਿੱਚ ਨਿਖਾਰ ਪਵੇਗਾ । ਪੁਰਾਣੇ ਹੋ ਚੁੱਕੇ ਗਮਲਿਆਂ ਵਾਲੇ ਬੂਟਿਆਂ ਨੂੰ ਵੱਖ-ਵੱਖ ਕਰਕੇ ਇਨ੍ਹਾਂ ਦੀ ਗਿਣਤੀ ਵਧਾ ਕੇ ਨਵੇਂ ਗਮਲਿਆਂ ਵਿੱਚ ਲਾ ਦਿਓ । ਸਮੇਂ-ਸਮੇਂ ਤੇ ਸੁੱਕੇ ਪੱਤਿਆਂ ਨੂੰ ਕੱਟਦੇ ਰਹੋ ਤਾਂ ਜੋ ਪੌਦਿਆਂ ਵਿੱਚ ਹਰਿਆਲੀ ਬਣੀ ਰਹੇ ।

### ਲਾਅਨ

ਜੂਨ ਮਹੀਨੇ ਤਿਆਰ ਕੀਤੀ ਜਗ੍ਹਾ ਉੱਪਰ ਘਾਹ ਲਾ ਦਿਓ । ਘਾਹ ਦੀਆਂ ਜੜ੍ਹਾਂ ਦੇ ਛੋਟੇ-ਛੋਟੇ ਗੁੱਛੇ 10-15 ਸੈਂਟੀਮੀਟਰ ਦੀ ਦੂਰੀ ਉੱਪਰ ਲਗਾਉਣ ਉਪਰੰਤ ਪਾਣੀ ਦਿਓ ਤਾਂ ਜੋ ਜੜ੍ਹਾਂ ਦੀ ਮਿੱਟੀ ਨਾਲ ਪਕੜ ਬਣੀ ਰਹੇ । ਘਾਹ ਨੂੰ ਪਾਣੀ ਮੌਸਮ ਨੂੰ ਦੇਖਦੇ ਹੋਏ ਲੋੜ ਅਨੁਸਾਰ ਹੀ ਲਗਾਓ । ਪੁਰਾਣੇ ਲਾਅਨ ਨੂੰ ਮੁੜ ਸੁਰਜੀਤ ਕਰਨ ਲਈ ਉੱਪਰੋਂ ਹਲਕਾ ਛਿੱਲ ਕੇ ਮਿੱਟੀ ਅਤੇ ਪੌਦਿਆਂ ਦੀ ਖਾਦ (1:1 ਅਨੁਪਾਤ) ਨਾਲ ਢੱਕੋ ਅਤੇ ਪਾਣੀ ਲਗਾਓ । ਪਾਣੀ ਲੱਗੇ ਘਾਹ ਉੱਪਰ ਚੱਲਣ ਤੋਂ ਗੁਰੇਜ਼ ਕਰੋ । ਸਮੇਂ-ਸਮੇਂ ਸਿਰ ਨਦੀਨਾਂ ਨੂੰ ਜੜ੍ਹੋਂ ਪੁੱਟਦੇ ਰਹੋ ਅਤੇ ਘਾਹ ਨੂੰ ਸੰਘਣਾ ਬਣਾਈ ਰੱਖੋ ਤਾਂ ਜੋ ਨਦੀਨ ਮੁੜ ਵਾਧਾ ਨਾ ਕਰ ਸਕਣ ।

### ਗੁਲਦਾਉਦੀ

ਪਿਛਲੇ ਮਹੀਨੇ ਰੇਤੇ ਵਿੱਚ ਲਾਈਆਂ



ਗਈਆਂ ਕਲਮਾਂ ਵਿੱਚ ਜੜ੍ਹਾਂ ਤਿਆਰ ਹੋ ਗਈਆਂ ਹੋਣ ਤਾਂ ਇਨ੍ਹਾਂ ਨੂੰ ਕਿਆਰੀਆਂ ਜਾਂ ਗਮਲਿਆਂ ਵਿੱਚ ਲਗਾਓ । ਗਮਲਿਆਂ ਲਈ ਮਿੱਟੀ ਅਤੇ ਰੂੜੀ ਦੀ ਖਾਦ ਦਾ ਮਿਸ਼ਰਣ (2:1) ਅਨੁਪਾਤ ਦੇ ਅਨੁਸਾਰ ਮਿਲਾ ਕੇ ਗਮਲੇ ਭਰੋ । ਇਸ ਮਹੀਨੇ ਵਿੱਚ ਗੁਲਦਾਉਦੀ ਦੀਆਂ ਕਲਮਾਂ ਨੂੰ ਆਈ. ਬੀ. ਏ. ਦੇ ਘੋਲ ਵਿੱਚ (400 ਪੀ. ਪੀ. ਐਮ.) ਕਲਮਾਂ ਦੇ ਹੇਠਲੇ ਸਿਰੇ ਨੂੰ ਡੋਬ ਕੇ ਕਲਮਾਂ ਵੀ ਤਿਆਰ ਕੀਤੀਆਂ ਜਾ ਸਕਦੀਆਂ ਹਨ ।

### ਗੇਂਦਾ

ਗੇਂਦੇ ਦੀ ਪੰਜਾਬ ਗੇਂਦਾ ਨੰ. 1 ਕਿਸਮ ਦੀ ਪੌਦ ਬਰਸਤੀ ਫੁੱਲ ਪੈਦਾ ਕਰਨ ਲਈ ਅਤੇ ਨਵੰਬਰ ਮਹੀਨੇ ਬੀਜ ਲੈਣ ਲਈ ਇਸ ਮਹੀਨੇ (ਜੁਲਾਈ) ਤਿਆਰ ਕੀਤੇ ਖੇਤ ਵਿੱਚ ਲਗਾਈ ਜਾ ਸਕਦੀ ਹੈ ।

## ਡੇਅਰੀ ਫਾਰਮਿੰਗ

★ ਗਰਮੀ ਦੇ ਤਣਾਅ ਤੋਂ ਬਚਣ ਅਤੇ ਪਸ਼ੂਆਂ ਦੀ ਖ਼ੁਰਾਕ ਖਾਣ ਦੀ ਸਮਰੱਥਾ ਵਧਾਉਣ ਲਈ, ਪਸ਼ੂਆਂ ਨੂੰ ਸਵੇਰੇ ਜਲਦੀ



ਅਤੇ ਸ਼ਾਮ ਨੂੰ ਦੇਰ ਨਾਲ ਪੱਠੇ ਪਾਓ । ਵੰਡ ਅਤੇ ਸੁੱਕੇ ਚਾਰੇ ਨੂੰ ਨਮੀ-ਰਹਿਤ ਜਗ੍ਹਾ 'ਤੇ ਰੱਖੋ ਕਿਉਂਕਿ ਨਮੀ ਕਾਰਨ ਉੱਲੀ ਤੇਜ਼ੀ ਨਾਲ ਵਧਦੀ ਹੈ, ਜਿਸ ਨਾਲ ਐਫਲਾਟੌਕਸਿਨ ਜ਼ਹਿਰ ਪੈਦਾ ਹੁੰਦਾ ਹੈ, ਜੋ ਪਸ਼ੂਆਂ ਦੇ ਜਿਗਰ ਅਤੇ ਦੁੱਧ ਦੀ ਗੁਣਵੱਤਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ ।

★ ਗਰਮੀ ਕਾਰਨ ਪਸ਼ੂਆਂ ਦੇ ਸਰੀਰ ਵਿੱਚ ਇਲੈਕਟ੍ਰੋਲਾਈਟਸ (ਨਮਕ / ਖਣਿਜ) ਘੱਟ ਜਾਂਦੇ ਹਨ । ਇਸ ਲਈ ਦੁੱਧ ਦੇ ਉਤਪਾਦਨ ਅਤੇ ਪ੍ਰਜਨਨ ਸਿਹਤ ਨੂੰ ਬਰਕਰਾਰ ਰੱਖਣ ਲਈ ਉਨ੍ਹਾਂ ਦੀ ਰੋਜ਼ਾਨਾ ਖੁਰਾਕ ਵਿੱਚ 50-100 ਗ੍ਰਾਮ ਵਧੀਆ ਕੁਆਲਿਟੀ ਦਾ ਧਾਤਾਂ ਦਾ ਚੂਰਾ, 30-50 ਗ੍ਰਾਮ ਸਾਧਾਰਨ ਨਮਕ ਅਤੇ 50-70 ਗ੍ਰਾਮ ਬਫਰ ਸ਼ਾਮਲ ਕਰੋ ।

★ ਜ਼ਿਆਦਾ ਨਮੀ ਅਤੇ ਗਿੱਲੇ ਫਰਸ਼ ਮੈਸਟਾਈਟਸ (ਲੇਵੇ ਦੀ ਸੋਜ/ਥਣਾਂ ਦੀ ਬਿਮਾਰੀ) ਲਈ ਅਨੁਕੂਲ ਹੁੰਦੇ ਹਨ, ਇਸ ਲਈ ਚੁਆਈ ਤੋਂ ਬਾਅਦ ਥਣਾਂ ਨੂੰ 3 ਹਿੱਸੇ ਬੀਟਾਡੀਨ ਅਤੇ 1 ਹਿੱਸਾ ਗਲਿਸਰੀਨ ਵਾਲੇ ਘੋਲ ਨਾਲ ਡੋਬਾ ਦਿਓ, ਸ਼ੈੱਡ ਵਿੱਚ ਚਿੱਕੜ ਜਾਂ ਮੀਂਹ ਦਾ ਪਾਣੀ ਖੜ੍ਹਾ ਨਾ ਹੋਣ ਦਿਓ ਕਿਉਂਕਿ ਜ਼ਿਆਦਾ ਦੇਰ ਗਿੱਲੇ ਵਿੱਚ ਖੜ੍ਹੇ ਰਹਿਣ ਨਾਲ ਖੁਰ ਨਰਮ ਹੋ ਜਾਂਦੇ ਹਨ ਅਤੇ ਪੈਰਾਂ ਦਾ ਗਲਣਾ ਅਤੇ ਲਂਗੜਾਪਣ ਆ ਸਕਦਾ ਹੈ ।

★ ਗਰਮੀ ਤੋਂ ਬਚਾਉਣ ਲਈ ਸਾਰੇ ਪਸ਼ੂਆਂ ਨੂੰ ਛਾਂ ਵਿੱਚ ਰੱਖੋ ਅਤੇ ਰੋਜ਼ਾਨਾ 1-2 ਵਾਰ ਨਹਾਓ ਜਾਂ ਛੱਪੜ ਵਿੱਚ ਬੈਠਣ ਦਿਓ (ਖਾਸ ਕਰਕੇ ਮੱਝਾਂ ਨੂੰ)। ਸਿਰਫ਼ ਛਾਂ ਹੀ ਹਮੇਸ਼ਾ ਕਾਫ਼ੀ ਨਹੀਂ ਹੁੰਦੀ ਕਿਉਂਕਿ ਇਸ ਸਮੇਂ ਦੌਰਾਨ ਹਵਾ ਵਿੱਚ ਨਮੀ ਜ਼ਿਆਦਾ ਹੁੰਦੀ ਹੈ, ਇਸ ਲਈ ਸ਼ੈੱਡਾਂ ਵਿੱਚ ਹਵਾ ਦੇ ਆਰ-ਪਾਰ ਲੰਘਣ ਦਾ ਸਹੀ ਪ੍ਰਬੰਧ ਰੱਖੋ ਅਤੇ ਸ਼ੈੱਡ ਵਿੱਚ ਪਸ਼ੂਆਂ ਦੀ ਜ਼ਿਆਦਾ ਭੀੜ ਨਾ ਕਰੋ ।

★ ਦੁੱਧ ਦੀ ਗਰੈਵਿਟੀ ਅਤੇ ਐਸ.ਐਨ.ਐਫ. ਦੀ ਘਾਟ ਨੂੰ ਪੂਰਾ ਕਰਨ ਲਈ ਖਲ ਦੀ ਮਾਤਰਾ 5 ਤੋਂ 8% ਵਧਾ ਕੇ ਵੰਡ ਵਿੱਚ ਕਰੂਡ ਪ੍ਰੋਟੀਨ ਦੀ ਮਾਤਰਾ 2-4% ਵਧਾਓ । 6-9 ਮਹੀਨੇ ਦੇ ਗਰਭਵਤੀ ਪਸ਼ੂਆਂ ਦਾ ਖਾਸ ਧਿਆਨ ਰੱਖੋ ਕਿਉਂਕਿ ਗਰਮੀ ਦਾ ਤਣਾਅ ਅਣਜੰਮੇ ਬੱਚੇ ਦੇ ਵਿਕਾਸ ਨੂੰ ਬੁਰੀ ਤਰ੍ਹਾਂ ਰੋਕ ਸਕਦਾ ਹੈ, ਇਸ ਲਈ ਉਨ੍ਹਾਂ ਨੂੰ ਸਭ ਤੋਂ ਵਧੀਆ ਕੁਆਲਿਟੀ ਦਾ ਚਾਰਾ ਦਿਓ ।

★ ਇਸ ਸਮੇਂ ਦੌਰਾਨ, ਖਾਸ ਕਰਕੇ ਮੱਝਾਂ ਵਿੱਚ, ਸਾਈਲੈਂਟ ਹੀਟ (ਬਿਨਾਂ ਬੋਲੇ ਗਰਮੀ ਵਿੱਚ ਆਉਣਾ) ਇੱਕ ਵੱਡੀ ਸਮੱਸਿਆ ਹੈ । ਗਰਮੀਆਂ ਵਿੱਚ ਹੋਰ ਲੱਛਣਾਂ ਦੀ ਬਜਾਏ, ਸਵੇਰੇ ਅਤੇ ਸ਼ਾਮ ਨੂੰ ਤਾਰਾਂ ਤੋਂ ਪਸ਼ੂਆਂ ਦੇ ਹੀਟ ਵਿੱਚ ਆਉਣ ਦੀ ਪਛਾਣ ਕਰੋ ।

★ ਮਾਨਸੂਨ ਦੀ ਸ਼ੁਰੂਆਤ ਅੰਦਰੂਨੀ ਪਰਜੀਵੀਆਂ (ਢਿੱਡ ਦੇ ਕੀੜਿਆਂ) ਦੇ ਵਧਣ ਦਾ ਮੁੱਖ ਸਮਾਂ ਹੁੰਦਾ ਹੈ, ਇਸ ਲਈ ਪਸ਼ੂਆਂ ਨੂੰ ਬਚਾਉਣ ਲਈ ਉਨ੍ਹਾਂ ਨੂੰ ਕੀੜੇਮਾਰ ਦਵਾਈ ਦਿਓ । ਚਿੱਚੜ, ਜੂਆਂ ਅਤੇ ਮੱਖੀਆਂ ਖੂਨ ਚੂਸਦੀਆਂ ਹਨ ਅਤੇ ਬਿਮਾਰੀਆਂ ਫੈਲਾਉਂਦੀਆਂ ਹਨ, ਇਸ ਲਈ ਪਸ਼ੂਆਂ ਜਾਂ ਡੇਅਰੀ ਸ਼ੈੱਡ 'ਤੇ ਬੂਟੈਕਸ ਜਾਂ ਅਮਿਤਰਾਜ਼


ਬਾਕੀ ਸਫ਼ਾ 10 'ਤੇ

# ਮਾਨਸੂਨ ਦੇ ਮੀਂਹ ਨੂੰ ਭੁੱਲ ਜਾਓ : ਹੁਣ ਸਾਨੂੰ ਥਰਮਾਮੀਟਰ ਦੀ ਲੋੜ

ਪ੍ਰਾਂਜੁਲ ਭੰਡਾਰੀ

ਪਿਛਲੇ ਇਕ ਦਹਾਕੇ ਵਿੱਚ, ਅਸੀਂ ਅਰਥਵਿਵਸਥਾ 'ਤੇ ਮੌਸਮ ਦੇ ਪ੍ਰਭਾਵ ਬਾਰੇ ਆਪਣੀ ਸਮਝ ਨੂੰ ਲਗਾਤਾਰ ਨਿਖਾਰਿਆ ਹੈ। ਸਾਡੇ ਨਵੀਨਤਮ ਸਿੱਟੇ ਦੱਸਦੇ ਹਨ ਕਿ ਵਧਦੀ ਮੁਦਰਾਸਫੀਤੀ ਅਤੇ ਸੁਸਤ ਆਰਥਿਕ ਵਾਧੇ ਲਈ ਤਿਆਰ ਹੋਣ ਦਾ ਸਮਾਂ ਆ ਗਿਆ ਹੈ। ਕੁਝ ਸਾਲ ਪਹਿਲਾਂ, ਅਸੀਂ ਦੱਸਿਆ ਸੀ ਕਿ ਭਾਰਤ ਦੇ ਖ਼ੁਰਾਕ ਉਤਪਾਦਨ ਅਤੇ ਮੁਦਰਾਸਫੀਤੀ ਲਈ ਮੀਂਹ ਦੀ ਤੁਲਨਾ ਵਿੱਚ ਪਾਣੀ ਦੇ ਭੰਡਾਰਾਂ ਦੇ ਪੱਧਰ ਵਧੇਰੇ ਮਹੱਤਵਪੂਰਨ ਹਨ, ਕਿਉਂਕਿ ਇਨ੍ਹਾਂ ਵਿੱਚ ਜ਼ਮੀਨ ਹੇਠਲਾ ਪਾਣੀ ਵੀ ਸ਼ਾਮਲ ਹੁੰਦਾ ਹੈ।

ਹਾਲ ਹੀ ਵਿੱਚ, ਅਸੀਂ ਆਪਣੇ ਵਿਸ਼ਲੇਸ਼ਣ ਨੂੰ ਮੀਂਹ ਅਤੇ ਪਾਣੀ ਦੇ




ਭੰਡਾਰਾਂ ਤੋਂ ਅੱਗੇ ਵਧਾ ਕੇ ਤਾਪਮਾਨ 'ਤੇ ਕੇਂਦਰਿਤ ਕੀਤਾ ਹੈ। ਗਲੋਬਲ ਵਾਰਮਿੰਗ ਦੇ ਨਾਲ, ਔਸਤ ਤਾਪਮਾਨ ਨੇ ਪਿਛਲੇ ਪੱਧਰਾਂ ਨੂੰ ਪਾਰ ਕਰ ਲਿਆ ਹੈ। ਜਿਵੇਂ ਕਿ ਅਸੀਂ ਅੱਗੇ ਸਮਝਾਵਾਂਗੇ, ਹੁਣ ਇਨ੍ਹਾਂ ਦਾ ਪ੍ਰਭਾਵ ਵਿਆਪਕ ਅਨਾਜ ਭੰਡਾਰ ਅਤੇ ਮੁਦਰਾਸਫੀਤੀ 'ਤੇ ਮੀਂਹ ਅਤੇ ਪਾਣੀ ਭੰਡਾਰਾਂ ਦੇ ਮੁਕਾਬਲੇ ਕਿਤੇ ਵੱਧ ਹੈ। ਅਸਲ ਵਿੱਚ, ਅਸੀਂ ਦੇਖਿਆ ਹੈ ਕਿ ਜ਼ਮੀਨ ਦੇ ਤਾਪਮਾਨ 'ਤੇ ਨਜ਼ਰ ਰੱਖਣਾ ਹੀ ਖਾਣ-ਪੀਣ ਵਾਲੀਆਂ ਵਸਤਾਂ ਦੀ ਮੁਦਰਾਸਫੀਤੀ ਦੀ ਦਿਸ਼ਾ ਦਾ ਸਹੀ ਅੰਦਾਜ਼ਾ ਲਾਉਣ ਲਈ ਢੁੱਕਵਾਂ ਹੈ। ਭਾਰਤ ਦੇ ਵਧੇਰੇ ਹਿੱਸਿਆਂ ਵਿੱਚ ਹੁਣ ਸਾਨੂੰ ਮੀਂਹ 'ਤੇ ਨਜ਼ਰ ਰੱਖਣ ਦੀ ਵੀ ਲੋੜ ਨਹੀਂ ਹੈ।

ਨਤੀਜੇ ਵਜੋਂ, ਅਸੀਂ ਜ਼ਮੀਨ ਦੇ ਤਾਪਮਾਨ ਦੀ ਅਹਿਮੀਅਤ 'ਤੇ ਆਪਣੀ ਖੋਜ ਨੂੰ ਅੱਗੇ ਵਧਾਉਂਦੇ ਹੋਏ ਇਹ ਸਮਝਣ ਦਾ ਯਤਨ ਕਰ ਰਹੇ ਹਾਂ ਕਿ ਅਲ ਨੀਨੋ ਵਾਲੇ ਸਾਲਾਂ ਵਿੱਚ ਵਿਸ਼ੇਸ਼ ਤੌਰ 'ਤੇ ਕੀ ਹੁੰਦਾ ਹੈ।

ਰਵਾਇਤੀ ਪੱਖੋਂ ਅਲ ਨੀਨੋ ਨੂੰ ਉੱਚ ਤਾਪਮਾਨ, ਘੱਟ ਮੀਂਹ, ਖਾਣ-ਪੀਣ ਵਾਲੀਆਂ ਵਸਤਾਂ ਦੀ ਮੁਦਰਾਸਫੀਤੀ ਵਿੱਚ ਵਾਧੇ ਅਤੇ ਸੁਸਤ ਵਿਕਾਸ ਨਾਲ ਜੋੜਿਆ ਜਾਂਦਾ ਹੈ। ਅਸੀਂ ਦੇਖਦੇ ਹਾਂ ਕਿ ਅਲ ਨੀਨੋ ਦੀ ਪ੍ਰਕਿਰਤੀ ਅਤੇ ਪ੍ਰਭਾਵ ਵੀ ਬਦਲ ਰਹੇ ਹਨ।

ਭਾਰਤ ਵਿੱਚ 1950 ਦੇ ਦਹਾਕੇ ਤੋਂ ਔਸਤ ਜ਼ਮੀਨੀ ਤਾਪਮਾਨ ਦੇ ਅੰਕੜੇ ਉਪਲਬਧ ਹਨ, ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਭਾਰਤ ਵਿੱਚ ਲੂ ਪਹਿਲਾਂ ਸ਼ੁਰੂ ਹੋ ਰਹੀ ਹੈ, ਵਧੇਰੇ ਸਮੇਂ ਤੱਕ ਚੱਲ ਰਹੀ ਹੈ ਅਤੇ ਹੋਰ ਤਿੱਖੀ ਹੁੰਦੀ ਜਾ ਰਹੀ ਹੈ। ਇਸ ਤੋਂ ਇਲਾਵਾ, ਔਸਤ ਤਾਪਮਾਨ ਅਤੇ ਭਾਰਤ ਦੀ ਖਾਣ-ਪੀਣ ਵਾਲੀਆਂ ਵਸਤਾਂ ਦੀ ਮੁਦਰਾਸਫੀਤੀ ਦੇ ਵਿਚਾਲੇ ਸੰਬੰਧ ਸਮੇਂ ਦੇ ਨਾਲ ਵਧਦਾ ਜਾ ਰਿਹਾ ਹੈ, ਕਿਉਂਕਿ ਧਰਤੀ ਦੇ ਗਰਮ ਹੋਣ ਨਾਲ ਫ਼ਸਲਾਂ ਦੀ ਪੈਦਾਵਾਰ ਘੱਟ ਹੋ ਜਾਂਦੀ ਹੈ।

ਇਨ੍ਹਾਂ ਵਿੱਚੋਂ ਕੁਝ ਘਟਨਾਵਾਂ ਅਜੇ ਵੀ ਲੋਕਾਂ ਦੇ ਮਨਾਂ ਵਿੱਚ ਤਾਜ਼ਾ ਹਨ। ਮਾਰਚ 2022 ਦੀ ਲੂ ਨੇ ਕਣਕ ਦੀ ਫ਼ਸਲ ਦੀ ਪੈਦਾਵਾਰ ਵਿੱਚ 30 ਫ਼ੀਸਦੀ ਦੀ ਕਮੀ ਕਰ ਦਿੱਤੀ, ਜਦਕਿ ਸਬਜ਼ੀਆਂ ਅਤੇ ਤੇਲ ਬੀਜਾਂ ਦੇ ਉਤਪਾਦਨ ਨੂੰ ਪ੍ਰਭਾਵਿਤ ਕੀਤਾ। ਮਾਰਚ 2024 ਵਿੱਚ, ਕੁਝ ਖੇਤਰਾਂ ਵਿੱਚ ਤਾਪਮਾਨ 50.5 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ, ਜਿਸ ਨਾਲ ਗਰਮੀ ਤੇ ਹੋਣ ਵਾਲੀ ਪ੍ਰੇਸ਼ਾਨੀ ਅਤੇ ਸਬਜ਼ੀਆਂ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋਇਆ।

ਅਲ ਨੀਨੋ ਵਾਲੇ ਸਾਲ ਵਿੱਚ ਇਹ ਸਾਰੀਆਂ ਗੱਲਾਂ ਹੋਰ ਵੀ ਮਹੱਤਵਪੂਰਨ ਹੋ ਜਾਂਦੀਆਂ ਹਨ ਅਤੇ ਸੁਰਖੀਆਂ ਵਿੱਚ ਦਿਸਣ ਵਾਲੇ ਅੰਕੜਿਆਂ ਤੋਂ ਪਰ੍ਹੇ, ਭਾਰਤ ਵਿੱਚ ਅਲ ਨੀਨੋ ਦੇ ਕੁਝ ਘੱਟ ਜਾਣੇ-ਪਛਾਣੇ ਨਤੀਜੇ ਵੀ ਹਨ।

ਪਹਿਲਾ, ਉੱਚ ਤਾਪਮਾਨ ਦੀ ਸੰਭਾਵਨਾ ਘੱਟ ਬਾਰਿਸ਼ ਦੀ ਸੰਭਾਵਨਾ ਨਾਲ ਕਿਤੇ ਜ਼ਿਆਦਾ ਹੈ। ਉਦਾਹਰਣ ਲਈ, 2019-20 ਅਤੇ 2024-25 ਦੇ ਅਲ ਨੀਨੋ ਸਾਲਾਂ ਵਿੱਚ, ਇਸ ਘਟਨਾ ਦੇ ਬਾਵਜੂਦ ਭਾਰੀ ਮੀਂਹ ਪਿਆ ਪਰ ਇਨ੍ਹਾਂ ਦੋਵਾਂ ਸਾਲਾਂ ਵਿੱਚ ਤਾਪਮਾਨ ਆਮ ਪੱਧਰ ਤੋਂ ਕਾਫ਼ੀ ਉੱਪਰ ਚਲਾ ਗਿਆ। ਦੂਜਾ, ਅਲ ਨੀਨੋ ਸਾਲਾਂ ਦੌਰਾਨ ਤਾਪਮਾਨ ਵਿੱਚ ਹੋਣ ਵਾਲਾ ਵਾਧਾ ਵਧਦਾ ਜਾ ਰਿਹਾ ਹੈ ਅਤੇ ਇਹੀ ਚਿੰਤਾ ਦਾ ਵਿਸ਼ਾ ਹੈ। ਅਲ ਨੀਨੋ ਹੁਣ ਪਹਿਲਾਂ ਨਾਲੋਂ ਕਿਤੇ ਵੱਧ ਤਬਾਹਕੁੰਨ ਹੋ ਸਕਦਾ ਹੈ।

ਕਿਹੜੀਆਂ ਫ਼ਸਲਾਂ 'ਤੇ ਸਭ ਤੋਂ ਜ਼ਿਆਦਾ ਅਸਰ ਪਵੇਗਾ? ਸਬਜ਼ੀਆਂ ਅਤੇ ਫਲ ਵਰਗੀਆਂ ਜਲਦੀ ਖ਼ਰਾਬ ਹੋਣ ਵਾਲੀਆਂ ਫ਼ਸਲਾਂ ਦੇ ਮੁਕਾਬਲੇ ਲੂ ਪ੍ਰਤੀ ਵਧਰੇ ਸੰਵੇਦਨਸ਼ੀਲ ਰਹੀਆਂ ਹਨ ਅਤੇ ਇਹ ਸੰਵੇਦਨਸ਼ੀਲਤਾ ਵਧਦੀ ਜਾ ਰਹੀ ਹੈ। ਅਨਾਜ, ਦਾਲਾਂ, ਤੇਜ ਬੀਜ ਅਤੇ ਖੰਡ ਵਰਗੀਆਂ ਵੱਧ ਟਿਕਾਊ ਫ਼ਸਲਾਂ ਵੀ ਪਿੱਛੇ ਨਹੀਂ ਹਨ। ਇਹ ਸੱਚ ਹੈ ਕਿ ਰਵਾਇਤੀ ਪੱਖੋਂ ਇਹ ਫ਼ਸਲਾਂ ਗਰਮੀ ਪ੍ਰਤੀ ਘੱਟ ਸੰਵੇਦਨਸ਼ੀਲ ਰਹੀਆਂ ਹਨ, ਪਰ ਤਾਪਮਾਨ ਵਧਣ ਦੇ ਨਾਲ ਇਨ੍ਹਾਂ ਦੀ ਸੰਵੇਦਨਸ਼ੀਲਤਾ ਵੀ ਵਧ ਰਹੀ ਹੈ।

ਇਸ ਸਵਾਲ ਦਾ ਸਾਵਧਾਨੀਪੂਰਵਕ ਉੱਤਰ ਦੇਣ ਲਈ, ਅਸੀਂ ਆਪਣੇ ਅੰਕੜਿਆਂ ਦੇ ਮਾਡਲ ਦੀ ਵਰਤੋਂ ਕਰਦੇ ਹਾਂ। ਅਸੀਂ ਦੇਖਦੇ ਹਾਂ ਕਿ ਅਨਾਜ ਦੀ ਮੁਦਰਾਸਫੀਤੀ ਦੀ ਵਿਆਖਿਆ ਅਤੇ ਮੁੜ-ਅਨੁਮਾਨ ਲਾਉਣ ਵਿੱਚ ਮੀਂਹ ਦੇ ਮੁਕਾਬਲੇ ਤਾਪਮਾਨ ਕਿਤੇ ਵੱਧ ਪ੍ਰਭਾਵਸ਼ਾਲੀ ਹੈ। ਅਸਲ ਵਿੱਚ, ਤਾਪਮਾਨ ਨੂੰ ਸ਼ਾਮਲ ਕਰਨ ਤੋਂ ਬਾਅਦ, ਮੀਂਹ ਅਤੇ ਪਾਣੀ ਦੇ ਭੰਡਾਰਾਂ ਦੇ ਪੱਧਰਾਂ ਦਾ ਵਿਸ਼ਲੇਸ਼ਣ ਕਰਨ ਦਾ ਕੋਈ ਮਹੱਤਵ ਨਹੀਂ ਰਹਿ ਜਾਂਦਾ। ਸਮੇਂ ਦੇ ਨਾਲ, ਸਾਡੇ ਪ੍ਰਤੀਗਮਨ ਮਾਡਲ ਵਿੱਚ ਪਾਣੀ ਦੇ ਪੱਧਰਾਂ ਦਾ ਗੁਣਾਂਕ ਘਟਦਾ ਜਾ ਰਿਹਾ ਹੈ, ਜੋ ਦਰਸਾਉਂਦਾ ਹੈ ਕਿ ਇਸਦਾ ਮਹੱਤਵ ਘੱਟ ਗਿਆ ਹੈ। ਅਜਿਹਾ ਕਿਉਂ? ਸਿੰਚਾਈ ਸਹੂਲਤਾਂ ਵਿੱਚ ਸੁਧਾਰ ਦੇ ਨਾਲ, ਘੱਟ ਮੀਂਹ ਦੀ ਸਮੱਸਿਆ ਦਾ ਕੁਝ ਹੱਦ ਤੱਕ ਹੱਲ ਹੋ ਗਿਆ ਹੈ, ਵਿਸ਼ੇਸ਼ ਤੌਰ 'ਤੇ ਉੱਤਰ-ਪੱਛਮੀ ਭਾਰਤ ਵਰਗੇ ਕੁਝ ਖੇਤਰਾਂ ਵਿੱਚ।

ਵਿਕਾਸ ਦੀ ਗੱਲ ਕਰੀਏ ਤਾਂ, ਸਪਲਾਈ ਵਿੱਚ ਅਚਾਨਕ ਆਈਆਂ ਰੁਕਾਵਟਾਂ ਦੌਰਾਨ ਪੇਂਡੂ ਅਤੇ ਸ਼ਹਿਰੀ ਗੈਰ-ਰਸਮੀ ਕਾਮਿਆਂ ਨਾਲ ਮਿਲ ਕੇ ਬਣਿਆ ਗੈਰ-ਰਸਮੀ ਖੇਤਰ ਸਭ ਤੋਂ ਵੱਧ ਪ੍ਰਭਾਵਿਤ ਹੁੰਦਾ ਹੈ। ਲੂ ਨਾਲ ਕਿਸਾਨਾਂ 'ਤੇ ਅਸਰ ਪਵੇਗਾ ਅਤੇ ਉੱਚ ਮੁਦਰਾਸਫੀਤੀ ਕਾਰਨ ਪੇਂਡੂ ਅਤੇ ਸ਼ਹਿਰੀ ਦੋਵਾਂ ਗੈਰ-ਰਸਮੀ ਕਾਮਿਆਂ 'ਤੇ ਅਸਰ ਪੈਣ ਦੀ ਸੰਭਾਵਨਾ ਹੈ, ਜੋ ਆਮ ਤੌਰ 'ਤੇ ਕੀਮਤਾਂ ਪ੍ਰਤੀ ਸੰਵੇਦਨਸ਼ੀਲ ਹੁੰਦੇ ਹਨ ਅਤੇ ਮਿਲ ਕੇ ਭਾਰਤ ਦੀ ਖਪਤ ਦਾ ਦੋ-ਤਿਹਾਈ ਹਿੱਸਾ ਬਣਾਉਂਦੇ ਹਨ। ਪਿਛਲੇ ਤਜਰਬਿਆਂ ਦੇ ਆਧਾਰ 'ਤੇ, ਅਲ ਨੀਨੋ ਦੇ ਕਾਰਨ ਵਿਕਾਸ ਦਰ ਵਿੱਚ 0.3 ਪ੍ਰਤੀਸ਼ਤ ਅੰਕਾਂ ਦੀ ਗਿਰਾਵਟ ਆ ਸਕਦੀ ਹੈ।

ਸਰਕਾਰ ਵਲੋਂ ਲੋਨ ਗਾਰੰਟੀ ਯੋਜਨਾਵਾਂ, ਪੇਂਡੂ ਬੇਰੁਜ਼ਗਾਰੀ ਭੱਤਿਆਂ ਅਤੇ ਜਨਤਕ ਪੂੰਜੀਗਤ ਖ਼ਰਚਿਆਂ ਦੇ ਮਾਧਿਅਮ ਰਾਹੀਂ ਵਿਕਾਸ ਨੂੰ ਸਮਰਥਨ ਦੇਣ ਦੇ ਯਤਨਾਂ ਦੇ ਕਾਰਨ, ਮੰਦੀ ਦੇਖਣ ਨੂੰ ਮਿਲ ਸਕਦੀ ਹੈ। ਭਾਰਤੀ ਰਿਜ਼ਰਵ ਬੈਂਕ ਉੱਚ ਮੁਦਰਾਸਫੀਤੀ ਅਤੇ ਸੁਸਤ ਵਿਕਾਸ ਦੇ ਵਿਚਾਲੇ ਦੁਵਿਧਾ ਵਿੱਚ ਪੈ ਸਕਦਾ ਹੈ ਕਿਉਂਕਿ ਮੁਦਰਾਸਫੀਤੀ ਨੂੰ ਕੰਟਰੋਲ ਕਰਨਾ ਉਸ ਦੀ ਮੁੱਖ ਜ਼ਿੰਮੇਵਾਰੀ ਹੈ, ਇਸ ਲਈ ਉਸ ਨੂੰ ਵਿਆਜ ਦਰਾਂ ਵਧਾਉਣੀਆਂ ਪੈ ਸਕਦੀਆਂ ਹਨ, ਪਰ ਸੰਭਾਵਿਤ ਤੌਰ 'ਤੇ ਮਾਮੂਲੀ ਵਾਧਾ ਹੀ ਕਰਨਾ ਹੋਵੇਗਾ। ਇਸ ਦਾ ਅਸਰ ਅਰਥਵਿਵਸਥਾ ਦੇ ਵੱਡੇ ਹਿੱਸੇ 'ਤੇ ਮਹਿਸੂਸ ਹੋਵੇਗਾ।



# ਲੇਅਰ ਮਲਚਿੰਗ

## ਸਵੱਛਤਾ ਦੇ ਨਾਲ ਨਾਲ ਘਰੇਲੂ ਬਗੀਚੀਆਂ ਲਈ ਲਾਹੇਵੰਦ

ਅੱਜ ਦਾ ਯੁੱਗ ਔਨਲਾਈਨ ਖ਼ਰੀਦੋ ਫਰੋਖ਼ਤ ਦਾ ਯੁੱਗ ਹੋਣ ਕਰ ਕੇ ਹਰ ਵਸਤੂ ਸੁਚੱਜੇ ਤਰੀਕੇ ਨਾਲ ਗੱਤੇ ਵਿੱਚ ਪੈਕ ਕੀਤੀ ਹੋਈ ਪਹੁੰਚਦੀ ਹੈ। ਇਸ ਤੋਂ ਇਲਾਵਾ ਸਾਡੇ ਘਰਾਂ ਵਿੱਚ ਬਜ਼ਾਰ ਤੋਂ ਪਹੁੰਚਣ ਵਾਲੇ ਜ਼ਿਆਦਾਤਰ ਸਾਮਾਨ ਨੂੰ ਵੀ ਗੱਤੇ ਵਿੱਚ ਹੀ ਪਹੁੰਚਾਇਆ ਜਾਂਦਾ ਹੈ ਪਰ ਅਸੀਂ ਇਸ ਗੱਤੇ ਨੂੰ ਫਾਲਤੂ ਸਮਝ ਕੇ ਕੂੜਾ ਕਰਕਟ ਵਿੱਚ ਸੁੱਟ ਦਿੰਦੇ ਹਾਂ, ਅੱਗ ਲਗਾ ਕੇ ਆਪਣੇ ਸਾਹਾਂ ਲਈ ਵਰਤੀ ਜਾਂਦੀ ਹਵਾ ਨੂੰ ਪ੍ਰਦੂਸ਼ਿਤ ਕਰਦੇ ਹਾਂ ਜਾਂ ਕਬਾੜ ਵਿੱਚ ਨਾ-ਮਾਤਰ ਮੁੱਲ ਵਿੱਚ ਵੇਚ ਦਿੰਦੇ ਹਾਂ।

ਪਰ ਇਸ ਗੱਤੇ ਤੋਂ ਅਸੀਂ ਆਪਣੇ ਲਈ ਫ਼ਲ ਸਬਜ਼ੀਆਂ ਆਦਿ ਪੈਦਾ ਕਰਨ ਵਿੱਚ ਬਹੁਮੁੱਲੀ ਖਾਦ ਤਿਆਰ ਕਰ ਸਕਦੇ ਹਾਂ। ਘਰ ਵਿੱਚ ਇਕੱਠੇ ਹੋਣ ਵਾਲੇ ਗੱਤੇ ਦੇ ਡੱਬੇ ਸਾਡੇ ਕਿਚਨ ਗਾਰਡਨ ਲਈ ਸਭ ਤੋਂ ਘੱਟ ਮਹੱਤਵ ਦਿੱਤੇ ਜਾਣ ਵਾਲੇ ਪਰ ਸਭ ਤੋਂ ਲਾਭਦਾਇਕ ਸਰੋਤਾਂ ਵਿੱਚੋਂ ਇਕ ਹਨ।

ਇਸ ਤਕਨੀਕ ਨੂੰ 'ਲੇਅਰ ਮਲਚਿੰਗ' ਕਿਹਾ ਜਾਂਦਾ ਹੈ। ਇਸ ਵਿੱਚ ਗੱਤੇ ਨੂੰ ਸਿੱਧਾ ਘਾਹ, ਸਖ਼ਤ ਮਿੱਟੀ ਜਾਂ ਜੰਗਲੀ ਬੂਟੀਆਂ (ਖਰਪਤਵਾਰ) ਉੱਤੇ ਵਿਛਾ ਦਿੱਤਾ ਜਾਂਦਾ ਹੈ ਅਤੇ ਬਿਨਾਂ ਖੁਦਾਈ ਕੀਤੇ ਸਿਰਫ਼ 20 ਮਿੰਟਾਂ ਵਿੱਚ ਇਕ ਉਪਜਾਊ ਕਿਆਰੀ ਤਿਆਰ ਕੀਤੀ ਜਾ ਸਕਦੀ ਹੈ।

### ਲੇਅਰ ਮਲਚਿੰਗ ਧਰਤੀ ਦੀ ਉਪਜਾਊ ਸ਼ਕਤੀ ਵਧਾਉਣ ਲਈ ਕਿਵੇਂ ਕੰਮ ਕਰਦੀ ਹੈ ?

ਗੱਤਾ ਸੂਰਜ ਦੀ ਰੋਸ਼ਨੀ ਨੂੰ ਮਿੱਟੀ ਤੱਕ ਪਹੁੰਚਣ ਤੋਂ ਰੋਕ ਦਿੰਦਾ ਹੈ, ਜਿਸ ਕਾਰਨ ਗੱਤੇ ਦੇ ਟੁਕੜੇ ਕੁੱਝ ਹੀ ਹਫ਼ਤਿਆਂ ਵਿੱਚ ਦੱਬ ਕੇ ਨਸ਼ਟ ਹੋਣ ਲੱਗਦੇ ਹਨ। ਗੱਤੇ ਹੇਠਾਂ ਨਮੀ, ਹਨੇਰਾ ਅਤੇ ਗਲ ਰਹੇ ਸੈਲੂਲੋਜ਼ ਕਾਰਨ ਕੇਂਚੂਏ ਆਕਰਸ਼ਿਤ ਹੁੰਦੇ ਹਨ। 2-3 ਮਹੀਨਿਆਂ ਵਿੱਚ ਗੱਤਾ ਗਲ ਜਾਂਦਾ ਹੈ ਤੇ ਕੇਂਚੂਏ ਮਿੱਟੀ ਨੂੰ ਕੁਦਰਤੀ ਤੌਰ 'ਤੇ ਭੁਰਭੁਰੀ, ਹਵਾਦਾਰ ਅਤੇ ਉਪਜਾਊ ਬਣਾ ਦਿੰਦੇ ਹਨ - ਉਹ ਵੀ ਬਿਨਾਂ ਕਹੀ-ਕਸੀ ਚਲਾਏ।

**ਲਗਾਉਣ ਦੀ ਵਿਧੀ** : ਗੱਤੇ ਵਿੱਚੋਂ ਟੇਪ, ਲੇਬਲ ਅਤੇ ਸਟੇਪਲ ਕੱਢ ਦਿਓ। ਸਾਦਾ ਭੂਰੇ ਰੰਗ ਦਾ ਗੱਤਾ ਸਭ ਤੋਂ ਵਧੀਆ ਰਹਿੰਦਾ ਹੈ, ਪਰ ਬਿਨਾਂ ਪਲਾਸਟਿਕ-ਪਰਤ ਵਾਲਾ ਛੱਪਿਆ ਹੋਇਆ ਗੱਤਾ ਵੀ ਵਰਤਿਆ ਜਾ ਸਕਦਾ ਹੈ।

ਗੱਤੇ ਦੀਆਂ ਚਾਦਰਾਂ ਨੂੰ ਜ਼ਮੀਨ ਉੱਤੇ ਵਿਛਾਓ ਅਤੇ ਕਿਨਾਰਿਆਂ ਨੂੰ ਘੱਟ-ਘੱਟ 10-15 ਸੈਂਟੀਮੀਟਰ ਤਕ ਇਕ-ਦੂਜੇ ਉੱਤੇ ਰੱਖੋ ਤਾਂ ਜੋ ਕੋਈ ਖਾਲੀ ਥਾਂ ਨਾ ਰਹੇ। ਗੱਤੇ ਨੂੰ ਚੰਗੀ ਤਰ੍ਹਾਂ ਪਾਣੀ ਨਾਲ ਭਿਗੋ ਦਿਓ। ਇਸ ਨਾਲ ਇਹ ਜ਼ਮੀਨ ਨਾਲ ਚਿਪਕ ਜਾਂਦਾ ਹੈ ਅਤੇ ਜਲਦੀ ਗਲਣਾ ਸ਼ੁਰੂ ਕਰ ਦਿੰਦਾ ਹੈ। ਇਸ ਦੇ ਉੱਪਰ 15-20 ਸੈਂਟੀਮੀਟਰ ਮੋਟੀ ਪਰਤ ਵਿੱਚ ਕੰਪੋਸਟ, ਪੱਤੀ-ਖਾਦ ਜਾਂ ਮਿੱਟੀ ਅਤੇ ਕੰਪੋਸਟ ਦਾ ਮਿਸ਼ਰਣ ਪਾਓ। ਹੁਣ ਇਸੇ ਪਰਤ ਵਿੱਚ ਸਿੱਧੇ ਬੀਜ ਜਾਂ ਪੌਦੇ ਲਗਾਉ। ਜਿਵੇਂ-ਜਿਵੇਂ ਗੱਤਾ ਗਲਦਾ ਜਾਂਦਾ ਹੈ, ਜੜ੍ਹਾਂ ਆਸਾਨੀ ਨਾਲ ਇਸ ਵਿੱਚੋਂ ਲੰਘ ਕੇ ਹੇਠਾਂ ਵਧਦੀਆਂ ਜਾਂਦੀਆਂ ਹਨ।

### ਕਿਹੜੀਆਂ ਫ਼ਸਲਾਂ ਲਈ ਉਚਿਤ ਹੈ ?

ਇਹ ਤਕਨੀਕ ਟਮਾਟਰ, ਲੌਕੀ, ਤੋਰੀ, ਸਲਾਦ ਪੱਤਾ, ਸੇਮ/ਫਲੀਆਂ ਅਤੇ ਵੱਖ-ਵੱਖ ਸੁਗੰਧਿਤ ਜੜ੍ਹੀ-ਬੂਟੀਆਂ ਲਈ ਬਹੁਤ ਪ੍ਰਭਾਵਸ਼ਾਲੀ ਹੈ।

**ਮਿੱਟੀ ਸੁਧਾਰਨ ਦਾ ਆਸਾਨ ਤਰੀਕਾ** : ਭਾਰੀ, ਚਿਕਨੀ ਜਾਂ ਸਖ਼ਤ ਮਿੱਟੀ ਵਿੱਚ ਇਹ ਤਕਨੀਕ ਮਿੱਟੀ ਦੀ ਬਣਤਰ ਸੁਧਾਰਨ ਦਾ ਇਕ ਸਰਲ, ਕੁਦਰਤੀ ਅਤੇ ਘੱਟ ਖ਼ਰਚ ਵਾਲਾ ਤਰੀਕਾ ਹੈ, ਜਿਸ ਲਈ ਨਾ ਕਿਸੇ ਮਸ਼ੀਨ ਦੀ ਲੋੜ ਪੈਂਦੀ ਹੈ ਅਤੇ ਨਾ ਹੀ ਡੂੰਘੀ ਖੁਦਾਈ ਦੀ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਜਿਸ ਗੱਤੇ ਨੂੰ ਬਿਨਾਂ ਸੋਚੇ ਸਮਝੇ ਅਪਣਾ ਆਲਾ ਦੁਆਲਾ ਗੰਦਾ ਕਰਨ ਦਾ ਕਾਰਨ ਬਣਾ ਰਹੇ ਹਾਂ ਜਾਂ ਜਿਸ ਗੱਤੇ ਨੂੰ ਅਸੀਂ ਕੂੜਾ ਸਮਝ ਕੇ ਸੁੱਟਣ ਜਾਂ ਸਾੜ ਦਿੰਦੇ ਹਾਂ, ਉਹੀ ਗੱਤਾ ਤੁਹਾਡੇ ਬਗੀਚੇ ਲਈ ਇਕ ਸ਼ਾਨਦਾਰ, ਉਪਜਾਊ ਅਤੇ ਟਿਕਾਊ ਕਿਆਰੀ ਦਾ ਆਧਾਰ ਬਣ ਸਕਦਾ ਹੈ ਅਤੇ ਇਹੀ ਗੱਤਾ ਸਾਡੀ ਮਿੱਟੀ ਲਈ ਬੈਟਰੀ ਬਣ ਕੇ ਮਿੱਟੀ ਨੂੰ ਜਿਉਂਦਾ ਰੱਖਣ ਅਤੇ ਵਾਤਾਵਰਣ ਦੀ ਰੱਖਿਆ ਕਰਨ ਵਿੱਚ ਸਹਾਇਤਾ ਕਰ ਸਕਦਾ ਹੈ, ਬਸ ਲੋੜ ਹੈ ਆਪਣੀ ਸੋਚ ਨੂੰ ਅਗਾਂਹਵਧੂ ਬਣਾ ਕੇ ਛੋਟੇ-ਛੋਟੇ ਉਪਰਾਲੇ ਕਰਨ ਦੀ। ਫਿਰ ਸਾਡੀ ਧਰਤੀ ਦੀ ਉਪਜਾਊ ਸ਼ਕਤੀ ਵੀ ਵੱਧ ਜਾਵੇਗੀ ਅਤੇ ਆਲਾ ਦੁਆਲਾ ਵੀ ਸਾਫ਼ ਸੁਥਰਾ ਰਹੇਗਾ।

ਸੰਦੀਪ ਅਰੋੜਾ, ਮੋਬਾਇਲ : 950 10-204 10

## ਸਾਉਣੀ ਰੁੱਤ ਦੀ

# ਮੱਕੀ ਦੇ ਕੀੜਿਆਂ ਦੀ ਸਰਵਪੱਖੀ ਰੋਕਥਾਮ

ਗੁਰਮੇਲ ਸਿੰਘ ਸੰਧੂ ਅਤੇ ਕਮਲਦੀਪ ਸਿੰਘ ਮਠਾੜੂ,
ਕ੍ਰਿਸ਼ੀ ਵਿਗਿਆਨ ਕੇਂਦਰ, ਫ਼ਿਰੋਜ਼ਪੁਰ (ਮੋ. 81462-60400)

ਸਾਉਣੀ ਰੁੱਤ ਦੀ ਮੱਕੀ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੀੜਿਆਂ ਵਿੱਚੋਂ ਸਭ ਤੋਂ ਹਾਨੀਕਾਰਕ ਫਾਲ ਆਰਮੀਵਾਰਮ ਅਤੇ ਮੱਕੀ ਦਾ ਗੜੂੰਆ ਹੈ। ਇਸ ਤੋਂ ਇਲਾਵਾ ਕੁੱਝ ਹੋਰ ਕੀੜੇ ਜਿਵੇਂ ਕਿ ਜੱਤਲ ਸੁੰਡੀ (ਭੱਬੂ ਕੁੱਤਾ), ਸੈਨਿਕ ਸੁੰਡੀ, ਵਾਲਾਂ ਨੂੰ ਕੱਟਣ ਵਾਲੀ ਸੁੰਡੀ, ਤੇਲਾ ਆਦਿ ਵੀ ਕਈ ਵਾਰ ਫ਼ਸਲ ਤੇ ਨੁਕਸਾਨ ਕਰਦੇ ਹਨ। ਮੱਕੀ ਦੇ ਮੁੱਖ ਕੀੜਿਆਂ ਦੀ ਸਰਵਪੱਖੀ ਰੋਕਥਾਮ ਲਈ ਲੋੜੀਂਦੀ ਜਾਣਕਾਰੀ ਹੇਠ ਦਿੱਤੀ ਗਈ ਹੈ:

### ਮੱਕੀ ਦਾ ਗੜੂੰਆਂ

ਅਗੇਤੀ ਬੀਜੀ ਮੱਕੀ ਉੱਪਰ ਇਸ ਦਾ ਹਮਲਾ ਕੁੱਝ ਜ਼ਿਆਦਾ ਹੀ ਹੁੰਦਾ ਹੈ। ਇਸ ਕੀੜੇ ਦਾ ਹਮਲਾ ਧੋੜੀਆਂ ਵਿੱਚ ਹੁੰਦਾ ਹੈ। ਆਂਡਿਆਂ ਵਿੱਚੋਂ ਨਿਕਲਦੀਆਂ



ਸਾਰ ਇਸ ਦੀਆਂ ਸੁੰਡੀਆਂ ਪੱਤਿਆਂ ਨੂੰ ਖੁਰਚ ਕੇ ਖਾਣਾ ਸ਼ੁਰੂ ਕਰ ਦਿੰਦੀਆਂ ਹਨ ਅਤੇ ਫੇਰ ਗੋਭ ਜਾਂ ਤਣੇ ਵਿੱਚ ਵੜ ਜਾਂਦੀਆਂ ਹਨ। ਛੋਟੀਆਂ ਸੁੰਡੀਆਂ ਦੇ ਹਮਲੇ ਕਾਰਨ ਗੋਭਾਂ ਵਿੱਚੋਂ ਨਵੇਂ ਨਿਕਲੇ ਪੱਤਿਆਂ ਵਿੱਚ ਨਿੱਕੀਆਂ-ਨਿੱਕੀਆਂ ਮੋਰੀਆਂ (ਲਾਈਨ ਵਿੱਚ) ਬਣ ਜਾਂਦੀਆਂ ਹਨ, ਜਦਕਿ ਵੱਡੀਆਂ ਸੁੰਡੀਆਂ ਦੇ ਹਮਲੇ ਕਾਰਨ ਗੋਭ ਦਾ ਵਿਚਕਾਰਲਾ ਪੱਤਾ ਛਾਨਣੀ-ਛਾਨਣੀ ਹੋ ਜਾਂਦਾ ਹੈ। ਹਮਲੇ ਵਾਲੇ ਛੋਟੇ ਬੂਟਿਆਂ ਦੀਆਂ ਗੋਭਾਂ ਸੁੱਕ ਜਾਂਦੀਆਂ ਹਨ। ਸੁੱਕੀ ਗੋਭ ਵਾਲੇ ਬੂਟੇ ਕਈ ਵਾਰ ਫੁੱਟ ਪੈਂਦੇ ਹਨ, ਪਰ ਇਹਨਾਂ ਨੂੰ ਕੋਈ ਛੱਲੀ ਨਹੀਂ ਪੈਂਦੀ। ਇਸ ਕੀੜੇ ਦੀ ਰੋਕਥਾਮ ਲਈ ਹੇਠਾਂ ਦੱਸਿਆ ਸਰਵਪੱਖੀ ਪ੍ਰੋਗਰਾਮ ਅਪਣਾਓ: ਬਿਜਾਈ ਸਿਫ਼ਾਰਿਸ਼ ਸਮੇਂ ਦੌਰਾਨ ਹੀ ਕਰੋ। ਗੋਡੀ ਕਰਦੇ ਸਮੇਂ ਗੜੂੰਏ ਦੇ ਹਮਲੇ ਵਾਲੇ ਬੂਟੇ ਪੁੱਟ ਕੇ ਨਸ਼ਟ ਕਰ ਦਿਉ।

ਇਸ ਦੀ ਰੋਕਥਾਮ ਲਈ ਟਰਾਈਕੋਗਰਾਮਾ (ਮਿੱਤਰ ਕੀੜਾ) ਰਾਹੀਂ ਪਰਜੀਵੀ ਕਿਰਿਆ ਕੀਤੇ ਹੋਏ ਕੋਰਸਾਇਰਾ



ਦੇ 40,000 ਆਂਡੇ ਪ੍ਰਤੀ ਏਕੜ ਦੇ ਹਿਸਾਬ ਨਾਲ ਦੋ ਵਾਰੀ ਵਰਤੋਂ। ਇਹ ਆਂਡੇ ਗੂੰਦ ਨਾਲ ਟਰਾਈਕੋਕਾਰਡਾਂ ਉੱਪਰ ਚਿਪਕਾਏ ਹੋਏ ਹੁੰਦੇ ਹਨ। ਟਰਾਈਕੋਕਾਰਡ ਨੂੰ ਪਹਿਲੀ ਵਾਰ 10 ਦਿਨਾਂ ਦੀ ਫ਼ਸਲ ਅਤੇ ਦੂਜੀ ਵਾਰ ਇੱਕ ਹਫ਼ਤੇ ਬਾਅਦ ਵਰਤੋਂ। ਇਨ੍ਹਾਂ ਕਾਰਡਾਂ ਨੂੰ 40 ਬਰਾਬਰ ਹਿੱਸਿਆਂ ਵਿੱਚ ਇਸ ਤਰ੍ਹਾਂ ਕੱਟ ਕਿ ਹਰ ਹਿੱਸੇ ਉੱਪਰ 1000 ਆਂਡੇ ਹੋਣ ਅਤੇ ਕੱਟੇ ਹੋਏ ਹਿੱਸਿਆਂ ਨੂੰ ਗੋਭ ਦੇ ਪੱਤਿਆਂ ਦੇ ਹੇਠਲੇ ਪਾਸੇ ਸ਼ਾਮ ਦੇ ਸਮੇਂ ਖੇਤ ਵਿੱਚ ਇਕਸਾਰ ਦੂਰੀ ਤੇ ਪਿੰਨ ਨਾਲ ਨੱਥੀ ਕਰੋ। ਇਹ ਕਾਰਡ ਮੀਂਹ ਵਾਲੇ ਦਿਨ ਨਹੀਂ ਵਰਤਣੇ ਚਾਹੀਦੇ।

ਬਿਜਾਈ ਤੋਂ 2-3 ਹਫ਼ਤੇ ਪਿੱਛੋਂ ਜਾਂ ਜਿਸ ਵੇਲੇ ਪੱਤਿਆਂ ਉੱਪਰ ਇਸ ਕੀੜੇ ਦਾ ਹਮਲਾ ਦਿਸੇ ਤਾਂ 30 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਐਂਟਰਾਨੀਲੀਪਰੋਲ) ਨੂੰ 60 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨੈਪਸੈਕ ਪੰਪ ਨਾਲ ਛਿੜਕੋ।

ਮੱਕੀ ਦੇ ਮੁੱਢਾਂ, ਟਾਂਡਿਆਂ ਅਤੇ ਗੁੱਲਾਂ ਵਿੱਚ ਲੁਕੇ ਹੋਏ, ਗੜੂੰਏ ਦੀਆਂ ਸੁੰਡੀਆਂ ਮਾਰਨ ਲਈ ਮੱਕੀ ਵੱਢਣ ਤੋਂ ਤੁਰੰਤ ਬਾਅਦ ਖੇਤ ਨੂੰ ਵਾਹ ਦਿਉ ਅਤੇ ਮੁੱਢਾਂ ਨੂੰ ਇਕੱਠੇ ਕਰਕੇ ਨਸ਼ਟ ਕਰ ਦਿਉ।

### ਫ਼ਾਲ ਆਰਮੀਵਰਮ

ਇਹ ਕੀੜਾ ਸਾਉਣੀ ਰੁੱਤ ਦੀ ਮੱਕੀ ਵਿੱਚ ਗੰਭੀਰ ਹਮਲਾ ਕਰਦਾ ਹੈ ਅਤੇ ਜੇਕਰ ਇਸ ਦੀ ਢੁੱਕਵੀਂ ਰੋਕਥਾਮ ਨਾ ਕੀਤੀ ਜਾਵੇ ਤਾਂ ਫ਼ਸਲ ਦਾ ਕਾਫੀ ਨੁਕਸਾਨ ਕਰ ਜਾਂਦਾ ਹੈ। ਇਸ ਕੀੜੇ ਦੀਆਂ ਛੋਟੀਆਂ ਸੁੰਡੀਆਂ ਪੱਤਿਆਂ ਨੂੰ ਖੁਰਚ ਕੇ ਖਾਂਦੀਆਂ ਹਨ। ਵੱਡੀਆਂ ਸੁੰਡੀਆਂ ਗੋਭ ਦੇ ਪੱਤੇ ਵਿੱਚ ਗੋਲ ਤੋਂ ਅੰਡਾਕਾਰ ਮੋਰੀਆਂ ਬਣਾਉਂਦੀਆਂ ਹਨ। ਸੁੰਡੀਆਂ ਗੋਭ ਨੂੰ ਲਗਭਗ ਪੂਰੀ ਤਰ੍ਹਾਂ ਖਾ ਕੇ ਭਾਰੀ ਮਾਤਰਾ ਵਿੱਚ ਬਿੱਠਾਂ ਕਰਦੀਆਂ ਹਨ। ਇਸ ਸੁੰਡੀ ਦੀ ਪਛਾਣ ਇਸ ਦੇ ਸਿਰ ਵਾਲੇ ਪਾਸੇ ਚਿੱਟੇ ਰੰਗ ਦੇ ਅੰਗਰੇਜ਼ੀ ਦੇ ਅੱਖਰ 'Y' ਦੇ ਉਲਟ ਨਿਸ਼ਾਨ ਅਤੇ ਪਿਛਲੇ ਸਿਰੇ ਦੇ ਲਾਗੇ ਚੋਰਸਾਕਾਰ ਚਾਰ ਬਿੰਦੂਆਂ ਤੋਂ ਹੁੰਦੀ ਹੈ। ਇਸ ਕੀੜੇ ਦੀ ਰੋਕਥਾਮ ਲਈ ਹੇਠ ਲਿਖੇ ਨੁਕਤੇ ਅਪਨਾਓ:

★ ਮੱਕੀ ਦੀ ਬਿਜਾਈ ਸਿਫ਼ਾਰਸ਼ ਸਮੇਂ ਅਨੁਸਾਰ ਕਰੋ ਅਤੇ ਨਾਲ ਲਗਦੇ ਖੇਤਾਂ ਵਿੱਚ ਮੱਕੀ ਦੀ ਬਿਜਾਈ ਥੋੜੇ-ਥੋੜੇ ਵਕਫ਼ੇ ਤੇ ਨਾ ਕਰੋ ਤਾਂ ਜੋ ਕੀੜੇ ਦਾ ਫੈਲਾਅ ਘਟਾਇਆ ਜਾ ਸਕੇ।

★ ਖੇਤਾਂ ਦਾ ਸਰਵੇਖਣ ਲਗਾਤਾਰ ਕਰੋ ਅਤੇ ਪੱਤਿਆਂ ਉੱਪਰ ਦਿੱਤੇ ਕੀੜੇ ਦੇ ਆਂਡਿਆਂ ਨੂੰ ਨਸ਼ਟ ਕਰ ਦਿਉ। ਆਂਡਿਆਂ ਦੇ ਝੁੰਡ ਲੂਈ ਨਾਲ ਢੱਕੇ ਹੁੰਦੇ ਹਨ ਅਤੇ ਅਸਾਨੀ ਨਾਲ ਦਿੱਖ ਜਾਂਦੇ ਹਨ।

★ ਲੋੜ ਪੈਣ ਤੇ 0.5 ਮਿਲੀਲਿਟਰ ਡੈਲੀਗੇਟ 11.7 ਐਸ ਸੀ (ਸਪਾਈਨਟੋਰਮ) ਜਾਂ 0.4 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 0.4 ਗ੍ਰਾਮ ਮਿਜ਼ਾਈਲ 5 ਐਸ ਜੀ (ਐਮਾਮੈਕਟਿਨ ਬੈਂਜ਼ੋਏਟ) ਪ੍ਰਤੀ ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। 20 ਦਿਨਾਂ ਤੱਕ ਦੀ ਫ਼ਸਲ ਲਈ 120 ਲਿਟਰ ਪਾਣੀ ਪ੍ਰਤੀ ਏਕੜ ਵਰਤੋਂ ਜਦਕਿ ਇਸ ਤੋਂ ਬਾਅਦ, ਫ਼ਸਲ ਦੇ ਵਾਧੇ ਅਨੁਸਾਰ ਪਾਣੀ ਦੀ ਮਾਤਰਾ 200 ਲਿਟਰ ਪ੍ਰਤੀ ਏਕੜ ਤੱਕ ਵਧਾਉ। ਇਸ ਗੱਲ ਦਾ ਖਾਸ ਧਿਆਨ ਰੱਖੋ ਕਿ ਪਾਣੀ ਦੇ ਨਾਲ-ਨਾਲ ਉੱਪਰ ਦੱਸੇ ਕੀਟਨਾਸ਼ਕਾਂ ਦੀ ਮਾਤਰਾ ਵੀ ਉਸੇ ਅਨੁਪਾਤ ਵਿੱਚ ਵਧਾਓ। ਇਸ ਕੀੜੇ ਦੀ ਢੁੱਕਵੀਂ ਰੋਕਥਾਮ ਲਈ ਛਿੜਕਾਅ ਮੱਕੀ ਦੀ ਗੋਭ ਵੱਲ ਨੂੰ ਕਰਨਾ ਬਹੁਤ ਜ਼ਰੂਰੀ ਹੈ।

★ ਹਮਲੇ ਵਾਲੀ ਫ਼ਸਲ ਜੇਕਰ 40 ਦਿਨਾਂ ਤੋਂ ਵੱਡੀ ਹੋਵੇ ਅਤੇ ਛਿੜਕਾਅ ਵਿੱਚ ਮੁਸ਼ਕਿਲ ਹੋਵੇ ਜਾਂ ਹਮਲਾ ਧੋੜੀਆਂ ਵਿੱਚ ਹੋਵੇ ਤਾਂ ਮਿੱਟੀ ਅਤੇ ਕੀਟਨਾਸ਼ਕ ਦੇ ਮਿਸ਼ਰਣ (ਲਗਭਗ ਅੱਧਾ ਗ੍ਰਾਮ) ਨੂੰ ਹਮਲੇ ਵਾਲੀਆਂ ਗੋਭਾਂ ਵਿੱਚ ਪਾ ਕੇ ਇਸ ਕੀੜੇ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਮਿਸ਼ਰਣ ਬਣਾਉਣ ਲਈ 5 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ ਡੈਲੀਗੇਟ 11.7 ਐਸ ਸੀ (ਸਪਾਈਨਟੋਰਮ) ਜਾਂ 5 ਗ੍ਰਾਮ ਮਿਜ਼ਾਈਲ 5 ਐਸ ਜੀ (ਐਮਾਮੈਕਟਿਨ ਬੈਂਜ਼ੋਏਟ) ਜਾਂ 25 ਗ੍ਰਾਮ ਡੇਲਫਿਨ ਡਬਲਯੂ ਜੀ (ਬੈਸੀਲਸ ਥੁਰੀਨਜਿਐਨਸਿਸ ਕੁਰਸਟਾਕੀ) ਜਾਂ 25 ਮਿਲੀਲਿਟਰ ਡਾਈਪਲ 8 ਐੱਲ (ਬੈਸੀਲਸ ਥੁਰੀਨਜਿਐਨਸਿਸ ਕੁਰਸਟਾਕੀ) ਨੂੰ 10 ਮਿਲੀਲਿਟਰ ਪਾਣੀ ਵਿੱਚ ਘੋਲ ਕੇ ਇੱਕ ਕਿਲੋ ਮਿੱਟੀ ਵਿੱਚ ਚੰਗੀ ਤਰ੍ਹਾਂ ਮਿਲਾਓ। ਇਸ ਗੱਲ ਦਾ ਖਾਸ ਧਿਆਨ ਰੱਖੋ ਕਿ ਮਿਸ਼ਰਣ ਬਣਾਉਣ ਅਤੇ ਪਾਉਣ ਸਮੇਂ ਦਸਤਾਨੇ ਜ਼ਰੂਰ ਪਹਿਨੇ ਹੋਣ।

### ਸੈਨਿਕ ਸੁੰਡੀ

ਇਹ ਸੁੰਡੀ ਵੀ ਪੱਤਿਆਂ ਨੂੰ ਖਾਂਦੀ ਹੈ, ਪਰ ਇਹ ਗੜੂੰਏ ਵਾਂਗ ਪੱਤੇ ਵਿੱਚ ਮੋਰੀਆਂ ਨਹੀਂ ਕੱਢਦੀ, ਸਗੋਂ ਇਹ ਕਿਨਾਰਿਆਂ ਤੋਂ ਅੰਦਰ ਵੱਲ ਨੂੰ ਖਾਂਦੀ ਹੈ। ਕਈ ਵਾਰ ਇਹ ਕੀੜਾ ਹਰੀ ਛੱਲੀ ਤੇ ਵੀ ਹਮਲਾ ਕਰਦਾ ਹੈ। ਲੋੜ ਪੈਣ ਤੇ ਮੱਕੀ ਦੇ ਗੜੂੰਏ ਦੀ ਰੋਕਥਾਮ ਲਈ ਸਿਫ਼ਾਰਿਸ਼



ਕੀਟਨਾਸ਼ਕ ਦੀ ਵਰਤੋਂ ਕਰੋ।

### ਵਾਲਾਂ ਨੂੰ ਕੱਟਣ ਵਾਲੀ ਸੁੰਡੀ (ਅਮਰੀਕਣ ਸੁੰਡੀ)

ਜੱਤਲ ਸੁੰਡੀ, ਸੈਨਿਕ ਕੀੜਾ ਅਤੇ ਹੋਰ ਸੁੰਡੀਆਂ, ਹਰੀ ਛੱਲੀ ਦੇ ਵਾਲਾਂ ਨੂੰ ਕੱਟਦੀਆਂ ਪਰ ਅਮਰੀਕਨ ਸੁੰਡੀ ਜ਼ਿਆਦਾ ਨੁਕਸਾਨ ਕਰਦੀ ਹੈ। ਕਿਸੇ-ਕਿਸੇ ਸਾਲ ਕੁਝ ਖੇਤਰਾਂ ਵਿੱਚ ਮੱਕੀ ਉੱਪਰ ਇਸਦਾ ਕਾਫੀ ਹਮਲਾ ਨਜ਼ਰ ਆਉਂਦਾ ਹੈ। ਛੋਟੀਆਂ ਸੁੰਡੀਆਂ ਬਾਬੂ ਝੰਡਿਆਂ ਅਤੇ ਛੱਲੀ ਦੇ ਵਾਲਾਂ ਉੱਪਰ ਖਾਣ ਤੋਂ ਬਾਅਦ ਛੱਲੀਆਂ ਵਿੱਚ ਪੱਕ ਰਹੇ ਦਾਣਿਆਂ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਪੱਕੀਆਂ ਛੱਲੀਆਂ ਉੱਪਰ ਨੁਕਸਾਨ ਘੱਟ ਹੁੰਦਾ ਹੈ, ਪਰ ਸੁੰਡੀਆਂ ਛੱਲੀਆਂ ਉੱਪਰ ਆਪਣਾ ਮਲ



ਮੁਤਰ ਛੱਡ ਦਿੰਦੀਆਂ ਹਨ, ਜਿਸ ਕਾਰਨ ਹਰੀਆਂ ਛੱਲੀਆਂ ਦਾ ਮੰਡੀ ਵਿੱਚ ਘੱਟ ਮੁੱਲ ਮਿਲਦਾ ਹੈ। ਜੇਕਰ ਹਮਲਾ ਜ਼ਿਆਦਾ ਹੋਵੇ ਤਾਂ ਮੱਕੀ ਦੇ ਗੜੂੰਏ ਦੀ ਰੋਕਥਾਮ ਲਈ ਸਿਫਾਰਸ਼ ਕੀਟਨਾਸ਼ਕ ਦੀ ਵਰਤੋਂ ਕਰੋ।

### ਜੱਤਲ ਸੁੰਡੀ (ਭੱਬੂ ਕੁੱਤਾ)

ਕਦੇ-ਕਦੇ ਜੇਕਰ ਇਸ ਕੀੜੇ ਦੀ ਗਿਣਤੀ ਬਹੁਤ ਵੱਧ ਜਾਵੇ ਤਾਂ ਇਹ ਬਹੁਤ ਨੁਕਸਾਨ ਕਰਦੇ ਹਨ। ਛੋਟੀਆਂ ਸੁੰਡੀਆਂ ਇੱਕਠੀਆ ਹੋ ਕੇ ਪੱਤਿਆਂ ਨੂੰ ਖਾਂਦੀਆਂ ਹਨ, ਜਿਸ ਨਾਲ ਪੱਤੇ ਦੀਆਂ ਨਾੜਾਂ ਦਾ ਜਾਲ ਹੀ ਬਚਦਾ ਹੈ, ਜਦਕਿ ਵੱਡੀਆਂ ਸੁੰਡੀਆਂ ਪੱਤਿਆਂ ਨੂੰ ਨਾੜੀਆਂ ਸਮੇਤ ਖਾ ਜਾਂਦੀਆਂ ਹਨ। ਵੱਡੀਆਂ ਸੁੰਡੀਆਂ ਇੱਕ ਖੇਤ ਵਿੱਚੋਂ ਦੂਸਰੇ ਖੇਤ ਵਿੱਚ ਚਲੀਆਂ ਜਾਂਦੀਆਂ ਹਨ। ਇਸ ਦੀ ਰੋਕਥਾਮ ਲਈ ਹੇਠਾਂ ਦੱਸੇ ਢੰਗ ਅਪਨਾਉ:

★ ਪਤੰਗਿਆਂ ਦੇ ਖਾਤਮੇ ਲਈ ਰੋਸ਼ਨੀ ਯੰਤਰ ਦਾ ਇਸਤੇਮਾਲ ਕਰੋ।

★ ਛੋਟੀਆਂ ਸੁੰਡੀਆਂ ਪੱਤਿਆਂ ਉੱਪਰ ਝੁੰਡਾਂ ਵਿੱਚ ਮਿਲਦੀਆਂ ਹਨ, ਅਜਿਹੇ ਪੱਤਿਆਂ ਨੂੰ ਸੁੰਡੀਆਂ ਸਮੇਤ ਤੋੜ ਕੇ ਨਸ਼ਟ ਕਰ ਦਿਉ।

★ ਵੱਡੇ ਸੁੰਡ ਪੈਰਾਂ ਹੇਠਾਂ ਮਸਲ ਕੇ ਜਾਂ ਇਕੱਠੇ ਕਰਕੇ ਮਿੱਟੀ ਦੇ ਤੇਲ ਵਾਲੇ ਪਾਣੀ ਵਿੱਚ ਪਾ ਕੇ ਮਾਰੇ ਜਾ ਸਕਦੇ ਹਨ।

# ਮੱਕੀ ਦੀ ਵਧਦੀ ਉਦਯੋਗਿਕ ਵਰਤੋਂ ਨੇ ਵਧਾਈ ਮੰਗ

## ਐਥਨੋਲ, ਪੋਲਟਰੀ ਫੀਡ ਅਤੇ ਖੁਰਾਕੀ ਖੇਤਰਾਂ ਨਾਲ ਜੁੜੇ ਹੋਣ ਕਾਰਨ ਫ਼ਸਲ ਦੀ ਅਹਿਮੀਅਤ ਵਧੀ

ਐਥਨੋਲ ਉਤਪਾਦਨ, ਪੋਲਟਰੀ ਫੀਡ ਅਤੇ ਖੁਰਾਕ ਪ੍ਰੋਸੈਸਿੰਗ ਉਦਯੋਗ ਵਿੱਚ ਵੱਧਦੀ ਖਪਤ ਕਾਰਨ ਮੱਕੀ ਦੀ ਮੰਗ ਨਵੇਂ ਪੱਧਰਾਂ ਵੱਲ ਵੱਧ ਰਹੀ ਹੈ। ਇੱਕ ਸਮੇਂ ਮੁੱਖ ਤੌਰ 'ਤੇ ਚਾਰੇ ਅਤੇ ਸੀਮਤ ਖੁਰਾਕੀ ਵਰਤੋਂ ਵਾਲੀ ਮੰਨੀ ਜਾਣ ਵਾਲੀ ਇਹ ਫ਼ਸਲ ਹੁਣ ਦੇਸ਼ ਦੇ ਉਦਯੋਗਿਕ ਅਤੇ ਊਰਜਾ ਖੇਤਰ ਦੀ ਅਹਿਮ ਲੋੜ ਬਣ ਗਈ ਹੈ। ਇਸੇ ਕਾਰਨ ਪੰਜਾਬ ਸਰਕਾਰ ਵੱਲੋਂ ਵੀ ਇਸ ਸੀਜ਼ਨ ਦੌਰਾਨ ਲਗਭਗ 20 ਹਜ਼ਾਰ ਹੈਕਟੇਅਰ ਵਾਧੂ ਰਕਬਾ ਮੱਕੀ ਹੇਠ ਲਿਆਉਣ ਦਾ ਟੀਚਾ ਰੱਖਿਆ ਹੈ। ਕੇਂਦਰ ਸਰਕਾਰ ਦੇ ਐਥਨੋਲ ਮਿਸ਼ਰਨ ਪ੍ਰੋਗਰਾਮ ਨੇ ਮੱਕੀ ਦੀ ਮੰਗ ਨੂੰ ਨਵਾਂ ਹੁਲਾਰਾ ਦਿੱਤਾ ਹੈ। ਪੈਟਰੋਲ ਵਿੱਚ ਐਥਨੋਲ ਦੀ ਮਾਤਰਾ ਵਧਾਉਣ ਦੀ ਨੀਤੀ ਤਹਿਤ ਮੱਕੀ ਨੂੰ ਐਥਨੋਲ ਉਤਪਾਦਨ ਲਈ ਪ੍ਰਮੁੱਖ ਕੱਚੇ ਮਾਲ ਵਜੋਂ ਵਰਤਿਆ ਜਾ ਰਿਹਾ ਹੈ। ਦੇਸ਼ ਭਰ ਵਿੱਚ ਸਥਾਪਤ ਹੋ ਰਹੀਆਂ ਨਵੀਆਂ ਡਿਸਟਿਲਰੀਆਂ ਵੀ ਮੱਕੀ ਦੀ ਖਪਤ ਵਿੱਚ ਵਾਧੇ ਦਾ ਕਾਰਨ ਬਣ ਰਹੀਆਂ ਹਨ, ਜਿਸ ਕਾਰਨ ਕਿਸਾਨਾਂ ਅਤੇ ਵਪਾਰੀਆਂ ਦੀ ਇਸ ਫ਼ਸਲ ਪ੍ਰਤੀ ਦਿਲਚਸਪੀ ਵਧੀ ਹੈ। ਮੱਕੀ ਦੀ ਸਭ ਤੋਂ ਵੱਧ ਖਪਤ ਪੋਲਟਰੀ ਉਦਯੋਗ ਵਿੱਚ ਹੁੰਦੀ ਹੈ, ਕਿਉਂਕਿ ਬਰਾਇਲਰ ਅਤੇ ਲੇਅਰ ਫੀਡ ਦਾ ਵੱਡਾ ਹਿੱਸਾ ਮੱਕੀ ਤੋਂ ਤਿਆਰ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਸਟਾਰਚ ਉਦਯੋਗ ਵਿੱਚ ਮੱਕੀ ਤੋਂ ਗਲੂਕੋਜ਼ ਅਤੇ ਕੌਰਨ ਸਿਰਪ ਤਿਆਰ ਕੀਤਾ ਜਾਂਦਾ ਹੈ, ਜਿਨ੍ਹਾਂ ਦੀ ਵਰਤੋਂ ਬਿਸਕੁਟ, ਬੇਕਰੀ ਉਤਪਾਦਾਂ, ਮਠਿਆਈਆਂ, ਸਾਫਟ ਡਰਿੰਕਸ ਅਤੇ ਹੋਰ ਪ੍ਰੋਸੈਸਡ ਖੁਰਾਕੀ ਵਸਤਾਂ ਵਿੱਚ ਕੀਤੀ ਜਾਂਦੀ ਹੈ। ਕੌਰਨ ਆਇਲ, ਬਾਇਓ-ਪਲਾਸਟਿਕ, ਕਾਗਜ਼, ਕਾਸਮੈਟਿਕਸ ਅਤੇ ਦਵਾਈ ਉਦਯੋਗ ਵਿੱਚ ਵੀ ਮੱਕੀ ਦੀ ਵਰਤੋਂ ਲਗਾਤਾਰ ਵੱਧ ਰਹੀ ਹੈ। ਮੱਕੀ ਲਈ ਪਾਣੀ ਲੋੜ ਸੰਬੰਧੀ ਕਿਸਾਨਾਂ ਵਿੱਚ ਵੱਖ-ਵੱਖ ਧਾਰਨਾਵਾਂ ਮੌਜੂਦ ਹਨ। ਰਾਜ ਪੱਧਰੀ ਸਨਮਾਨ ਪ੍ਰਾਪਤ ਕਿਸਾਨ ਰਾਜ ਮੋਹਨ ਸਿੰਘ ਕਾਲੇਕਾ ਦਾ ਕਹਿਣਾ ਹੈ ਕਿ ਮੱਕੀ ਦੀ ਪਾਣੀ ਖਪਤ ਦਾ ਸੰਬੰਧ ਬਿਜਾਈ ਦੇ ਸਮੇਂ ਨਾਲ ਵੀ ਜੁੜਿਆ ਹੋਇਆ ਹੈ। ਉਨ੍ਹਾਂ ਅਨੁਸਾਰ ਆਲੂਆਂ ਦੀ ਕਟਾਈ ਤੋਂ ਬਾਅਦ ਬੀਜੀ ਜਾਣ ਵਾਲੀ ਮੱਕੀ ਤੁਲਨਾਤਮਕ ਤੌਰ 'ਤੇ ਘੱਟ ਪਾਣੀ ਲੈਂਦੀ ਹੈ, ਕਿਉਂਕਿ ਉਸ ਸਮੇਂ ਤਾਪਮਾਨ ਘੱਟ ਅਤੇ ਮਿੱਟੀ ਵਿੱਚ ਨਮੀ ਵੱਧ ਹੁੰਦੀ ਹੈ। ਇਸ ਦੇ ਉਲਟ ਕਣਕ ਦੀ ਕਟਾਈ ਤੋਂ ਬਾਅਦ ਮਈ-ਜੂਨ ਦੀ ਗਰਮੀ ਵਿੱਚ ਬੀਜੀ ਜਾਣ ਵਾਲੀ ਮੱਕੀ ਨੂੰ ਉੱਚ ਤਾਪਮਾਨ ਅਤੇ ਵੱਧ ਵਾਸ਼ਪੀਕਰਨ ਕਾਰਨ ਵੱਧ ਸਿੰਚਾਈ ਦੀ ਲੋੜ ਪੈਂਦੀ ਹੈ। ਹਾਲਾਂਕਿ ਖੇਤੀ ਵਿਗਿਆਨੀਆਂ ਦਾ ਮੰਨਣਾ ਹੈ ਕਿ ਕੁੱਲ ਪਾਣੀ ਖਪਤ ਦੇ ਪੱਖੋਂ ਮੱਕੀ ਅਜੇ ਵੀ ਝੋਨੇ ਨਾਲੋਂ ਘੱਟ ਪਾਣੀ ਮੰਗਣ ਵਾਲੀ ਫ਼ਸਲ ਹੈ, ਕਿਉਂਕਿ ਖੇਤਾਂ ਵਿੱਚ ਲਗਾਤਾਰ ਪਾਣੀ ਖੜ੍ਹਾ ਰੱਖਣ ਦੀ ਲੋੜ ਨਹੀਂ ਹੁੰਦੀ। ਇਹੀ ਕਾਰਨ ਹੈ ਕਿ ਪੰਜਾਬ ਵਿੱਚ ਫ਼ਸਲੀ ਵਿਭਿੰਨਤਾ ਅਤੇ ਭੂ-ਜਲ ਸੰਭਾਲ ਸੰਬੰਧੀ ਯੋਜਨਾਵਾਂ ਵਿੱਚ ਮੱਕੀ ਨੂੰ ਅਹਿਮ ਸਥਾਨ ਦਿੱਤਾ ਜਾ ਰਿਹਾ ਹੈ। ਖੇਤੀਬਾੜੀ ਖੇਤਰ ਨਾਲ ਜੁੜੇ ਵਿਸ਼ਲੇਸ਼ਕਾਂ ਅਨੁਸਾਰ ਐਥਨੋਲ ਨੀਤੀ, ਖੁਰਾਕ ਪ੍ਰੋਸੈਸਿੰਗ ਉਦਯੋਗ ਦੇ ਵਿਸਥਾਰ ਅਤੇ ਪਸ਼ੂ-ਪਾਲਣ ਖੇਤਰ ਦੀ ਵਧਦੀ ਲੋੜ ਕਾਰਨ ਆਉਣ ਵਾਲੇ ਸਾਲਾਂ ਵਿੱਚ ਮੱਕੀ ਦੀ ਮੰਗ ਹੋਰ ਵਧਣ ਦੀ ਸੰਭਾਵਨਾ ਹੈ।

------- ਬਾਕੀ ਸਫਾ 7 ਦੀ -------

# ਜੁਲਾਈ ਮਹੀਨੇ ਦੇ ਖੇਤੀ ਰੁਝੇਵੇਂ



2-3 ਮਿਲੀਲਿਟਰ ਪ੍ਰਤੀ ਲੀਟਰ ਪਾਣੀ ਵਿੱਚ ਮਿਲਾ ਕੇ ਸ਼ੈੱਡ ਵਿੱਚ ਛਿੜਕਾਅ ਕਰੋ, ਨਮੀ ਵਾਲੇ ਮੌਸਮ ਦੌਰਾਨ ਜੇਕਰ ਚਿੱਚੜ ਜ਼ਿਆਦਾ ਹੋਣ ਤਾਂ 10-15 ਦਿਨਾਂ ਬਾਅਦ ਇਸ ਛਿੜਕਾਅ ਨੂੰ ਦੁਹਰਾਓ ।

★ ਪਸ਼ੂਆਂ ਵਿੱਚ ਤੇਜ਼ ਬੁਖਾਰ ਹੋਣ ਦੀ ਸੂਰਤ ਵਿੱਚ, ਚਿੱਚੜਾਂ ਤੋਂ ਫੈਲਣ ਵਾਲੀਆਂ ਬਿਮਾਰੀਆਂ ਦੇ ਬਚਾਉ ਲਈ ਖੂਨ ਦੀ ਜਾਂਚ ਪੈਰਾਸਾਈਟੋਲੋਜੀ ਵਿਭਾਗ, ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਜਾਂ ਆਪਣੇ ਨੇੜਲੇ ਸਰਕਾਰੀ ਜ਼ਿਲ੍ਹਾ ਲੈਬਾਰਟਰੀਆਂ / ਪੋਲੀਕਲੀਨਿਕਾਂ ਤੋਂ ਕਰਵਾਓ ।

★ ਜੇਕਰ ਕਿਸੇ ਪਸ਼ੂ ਦੇ ਨੱਕ ਵਿੱਚੋਂ ਖੂਨ ਵਗਣਾ ਸ਼ੁਰੂ ਹੋ ਜਾਵੇ, ਤਾਂ ਉਸ ਦੇ ਚਿਹਰੇ 'ਤੇ ਠੰਡਾ ਪਾਣੀ ਪਾਓ ਅਤੇ ਸਿਰ ਨੂੰ ਉੱਚਾ ਰੱਖੋ । ਪਸ਼ੂ ਨੂੰ ਇੱਕ ਠੰਡੀ ਅਤੇ ਛਾਂਦਾਰ ਜਗ੍ਹਾ 'ਤੇ ਲੈ ਜਾਓ ਅਤੇ ਜਿੰਨੀ ਜਲਦੀ ਹੋ ਸਕੇ ਆਪਣੇ ਪਸ਼ੂਆਂ ਦੇ ਡਾਕਟਰ ਦੀ ਸਲਾਹ ਲਵੋ ।

★ ਗੱਲਘੋਟੂ, ਮੂੰਹ-ਖੁਰ ਅਤੇ ਲੰਪੀ ਸਕਿਨ ਬਿਮਾਰੀ ਫੈਲਣ ਦੀ ਸੂਰਤ ਵਿੱਚ, ਇਲਾਜ ਲਈ ਤੁਰੰਤ ਆਪਣੇ ਸਥਾਨਕ ਵੈਟਰਨਰੀ ਡਾਕਟਰ ਨਾਲ ਸੰਪਰਕ ਕਰੋ । ਜੇਕਰ ਅਜੇ ਤੱਕ ਨਹੀਂ ਕੀਤਾ ਗਿਆ, ਤਾਂ ਉਪਰੋਕਤ ਸਾਰੀਆਂ ਬਿਮਾਰੀਆਂ ਤੋਂ ਬਚਾਅ ਲਈ ਪਸ਼ੂਆਂ ਦਾ ਟੀਕਾਕਰਨ ਜ਼ਰੂਰ ਕਰਵਾਓ ।

★ ਗਰਮ ਅਤੇ ਨਮੀਂ ਵਾਲੇ ਮੌਸਮ ਕਾਰਨ ਪਸ਼ੂਆਂ ਵਿੱਚ ਦਾਦ ਦੀ ਸਮੱਸਿਆ ਹੋ ਸਕਦੀ ਹੈ, ਇਸ ਲਈ ਪਸ਼ੂਆਂ ਨੂੰ ਸਾਫ ਅਤੇ ਸੁੱਕਾ ਰੱਖੋ । ਸੱਪ ਦੇ ਡੱਗਣ ਦੀਆਂ ਘਟਨਾਵਾਂ ਵੀ ਹੋ ਸਕਦੀਆਂ ਹਨ, ਇਸ ਲਈ ਲਾਰ ਵਗਣਾ, ਪੱਠੇ ਛੱਡ ਦੇਣਾ ਅਤੇ ਅਚਾਨਕ ਮੌਤ ਵਰਗੇ ਲੱਛਣਾਂ 'ਤੇ ਨਜ਼ਰ ਰੱਖੋ । ਇਸ ਤਰ੍ਹਾਂ, ਜਖਮਾਂ ਵਿੱਚ ਕੀੜੇ ਪੈਣ ਤੋਂ ਰੋਕਣ ਲਈ ਉਨ੍ਹਾਂ ਨੂੰ ਮੱਖੀਆਂ ਤੋਂ ਬਚਾਓ ।

**ਮੁਰਗੀ ਪਾਲਣ**

ਗਰਮੀ ਦੇ ਮਹੀਨਿਆਂ ਦੌਰਾਨ, ਪਾਣੀ ਵਾਲੇ ਬਰਤਨਾਂ ਦੀ ਗਿਣਤੀ ਦੁੱਗਣੀ ਕਰ ਦਿਓ । ਪੰਛੀ ਗਰਮ ਪਾਣੀ ਨਹੀਂ ਪੀਂਦੇ, ਜਿਸ ਨਾਲ ਉਨ੍ਹਾਂ ਵਿੱਚ ਪਾਣੀ ਦੀ ਘਾਟ ਹੋ ਜਾਂਦੀ ਹੈ । ਦੁਪਹਿਰ ਦੀ ਸਖ਼ਤ ਗਰਮੀ ਦੌਰਾਨ ਪਾਣੀ ਦੀ ਪਾਈਪਾਂ ਨੂੰ ਖਾਲੀ ਕਰਕੇ ਨਵਾਂ ਪਾਣੀ ਭਰੋ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪੰਛੀਆਂ ਤੱਕ ਪਹੁੰਚਣ ਵਾਲਾ ਪਾਣੀ ਤਾਜ਼ਾ ਅਤੇ ਠੰਡਾ ਹੋਵੇ ।

★ ਜ਼ਿਆਦਾ ਨਮੀ ਵਾਲੇ ਮੌਸਮ ਵਿੱਚ ਫੋਗਰ ਅਤੇ ਸਪ੍ਰਿੰਕਲਰ ਘੱਟ ਅਸਰਦਾਰ ਹੁੰਦੇ ਹਨ, ਇਸ ਲਈ ਇਹ ਯਕੀਨੀ ਬਣਾਓ ਕਿ ਐਗਜ਼ੋਸਟ ਪੱਖੇ ਚੱਲ ਰਹੇ ਹੋਣ ਤਾਂ ਜੋ ਸ਼ੈੱਡ ਵਿੱਚੋਂ ਭਾਰੀ ਅਤੇ ਨਮੀ ਵਾਲੀ ਹਵਾ ਨੂੰ ਬਾਹਰ ਕੱਢਿਆ ਜਾ ਸਕੇ ।

★ ਮੁਰਗੀਖਾਨੇ (ਪੋਲਟਰੀ ਸ਼ੈੱਡ) ਨੂੰ ਬਾਹਰੋਂ ਅਤੇ ਉੱਪਰਲੀ ਪਾਣੀ ਦੀ ਟੈਂਕੀ ਨੂੰ ਸਫੇਦੀ ਕਰੋ ਅਤੇ ਜੂਟ ਦੀਆਂ ਬੋਰੀਆਂ ਨਾਲ ਢੱਕੋ, ਤਾਂ ਜੋ ਸੂਰਜ ਦੀਆਂ ਕਿਰਨਾਂ ਨੂੰ ਵਾਪਸ ਮੋੜ ਕੇ ਤਾਪਮਾਨ ਦਾ ਅਸਰ ਘਟਾਇਆ ਜਾ ਸਕੇ ।

★ ਖੁਰਾਕ ਵਿੱਚ ਪ੍ਰੋਟੀਨ, ਖਣਿਜ ਅਤੇ ਵਿਟਾਮਿਨ ਦੀ ਮਾਤਰਾ ਵਧਾਓ ਕਿਉਂਕਿ ਗਰਮੀਆਂ ਵਿੱਚ ਪੰਛੀ ਖੁਰਾਕ ਘੱਟ ਕਰ ਖਾਂਦੇ ਹਨ । ਹਵਾ ਵਿੱਚ ਜ਼ਿਆਦਾ ਨਮੀ ਕਾਰਨ ਖੁਰਾਕ ਵਿੱਚ ਉੱਲੀ ਲੱਗ ਜਾਂਦੀ ਹੈ, ਇਸ ਲਈ ਐਫਲਾਟੋਕਸਿਨ ਜ਼ਹਿਰ ਤੋਂ ਬਚਾਉਣ ਲਈ ਪੋਲਟਰੀ ਦੀ ਖੁਰਾਕ ਵਿੱਚ ਹਮੇਸ਼ਾ ਇੱਕ ਵਧੀਆ ਕੁਆਲਿਟੀ ਦਾ ਟੋਕਸਿਨ ਬਾਈਂਡਰ ਅਤੇ ਮੋਲਡ ਇਨਿਹਿਬਿਟਰ ਸ਼ਾਮਲ ਕਰੋ ।

★ ਦਿਨ ਦੇ ਸਭ ਤੋਂ ਗਰਮ ਘੰਟਿਆਂ (ਆਮ ਤੌਰ 'ਤੇ ਸਵੇਰੇ 11:00 ਵਜੇ ਤੋਂ ਸ਼ਾਮ 4:00 ਵਜੇ ਤੱਕ) ਦੌਰਾਨ ਖੁਰਾਕ ਨਾ ਦਿਓ, ਕਿਉਂਕਿ ਖੁਰਾਕ ਪਚਾਉਣ ਨਾਲ ਸਰੀਰ ਵਿੱਚ ਗਰਮੀ ਪੈਦਾ ਹੁੰਦੀ ਹੈ । ਪੰਛੀਆਂ ਨੂੰ ਸਿਰਫ ਸਵੇਰੇ ਜਲਦੀ ਅਤੇ ਸ਼ਾਮ ਨੂੰ ਦੇਰ ਨਾਲ ਹੀ ਖੁਰਾਕ ਦਿਓ ।

★ ਮਾਨਸੂਨ ਦੌਰਾਨ ਵਿੱਠਾਂ ਨਾਲ ਗਿੱਲਾ ਬੂਰਾ ਜ਼ਹਿਰੀਲੀ ਅਮੋਨੀਆ ਗੈਸ ਛੱਡਦਾ ਹੈ, ਜਿਸ ਨਾਲ ਬਰਾਇਲਰਾਂ ਵਿੱਚ ਸਾਹ ਦੀਆਂ ਬਿਮਾਰੀਆਂ ਅਤੇ ਐਸਾਈਟਸ (ਢਿੱਡ ਵਿੱਚ ਪਾਣੀ ਭਰਨਾ) ਹੋ ਸਕਦਾ ਹੈ । ਬੂਰੇ ਨੂੰ ਵਾਰ-ਵਾਰ ਫੋਲਦੇ ਰਹੋ ਤਾਂ ਜੋ ਗਿੱਲੇਪਣ ਕਾਰਨ ਸ਼ੈੱਡ ਵਿੱਚ ਡਲੇ ਨਾ ਬਣਨ । ਜੇਕਰ ਕੋਈ ਹਿੱਸਾ ਪਾਣੀ ਵਾਲੇ ਬਰਤਨ ਦੇ ਲੀਕ ਹੋਣ ਕਾਰਨ ਗਿੱਲਾ ਹੋ ਜਾਂਦਾ ਹੈ ਜਾਂ ਜੰਮ ਜਾਂਦਾ ਹੈ, ਤਾਂ ਉਸਨੂੰ ਤੁਰੰਤ ਹਟਾ ਦਿਓ । ਕੋਕਸੀਡੀਓਸਿਸ (ਖ਼ੂਨੀ ਦਸਤ) ਤੋਂ ਬਚਾਅ ਲਈ ਖੁਰਾਕ ਵਿੱਚ ਕੋਕਸੀਡਿਓਸਟੈਟਸ ਮਿਲਾਓ । ਸ਼ੈੱਡਾਂ ਦੇ ਅੰਦਰ ਮੀਂਹ ਦਾ ਪਾਣੀ ਦਾਖਲ ਹੋਣ ਤੋਂ ਰੋਕੋ ।

★ ਹਫਣ ਕਾਰਨ ਪੰਛੀਆਂ ਦੀ ਊਰਜਾ ਖਤਮ ਹੁੰਦੀ ਹੈ, ਇਸ ਲਈ ਸਵੇਰ ਦੇ ਪੀਣ ਵਾਲੇ ਪਾਣੀ ਵਿੱਚ ਵਿਟਾਮਿਨ ਸੀ ਅਤੇ ਇਲੈਕਟ੍ਰੋਲਾਈਟ ਪਾਊਡਰ ਮਿਲਾਓ ਤਾਂ ਜੋ ਉਨ੍ਹਾਂ ਨੂੰ ਸਖਤ ਗਰਮੀ ਵਾਲੇ ਸਮੇਂ ਤੋਂ ਬਚਣ ਵਿੱਚ ਮਦਦ ਮਿਲ ਸਕੇ ।

★ ਸ਼ੈੱਡ ਦੇ ਫਰਸ਼ ਨੂੰ ਸੁੱਕਾ ਰੱਖਣ ਅਤੇ ਬੈਕਟੀਰੀਆ ਦੇ ਪ੍ਰਭਾਵ ਨੂੰ ਘਟਾਉਣ ਲਈ, ਬੂਰੇ ਉੱਤੇ ਸੁੱਕਾ ਬੁਝਿਆ ਹੋਇਆ ਚੂਨਾ ਛਿੜਕੋ ਅਤੇ ਇਸਨੂੰ ਚੰਗੀ ਤਰ੍ਹਾਂ ਮਿਲਾਓ ।

★ ਗਰਮੀ ਅਤੇ ਨਮੀ ਵਾਲੇ ਮੌਸਮ ਵਿੱਚ ਵਰਤੀ ਜਾਣ ਵਾਲੀ ਪੋਲਟਰੀ ਖੁਰਾਕ ਵਿੱਚ 15-20 ਪ੍ਰਤੀਸ਼ਤ ਵੱਧ ਪ੍ਰੋਟੀਨ, ਖਣਿਜ ਅਤੇ ਵਿਟਾਮਿਨ ਹੋਣੇ ਚਾਹੀਦੇ ਹਨ ਤਾਂ ਜੋ ਪੰਛੀਆਂ ਵੱਲੋਂ ਘੱਟ ਖਾਧੀ ਜਾਣ ਵਾਲੀ ਖੁਰਾਕ ਦੀ ਕਮੀ ਨੂੰ ਪੂਰਾ ਕੀਤਾ ਜਾ ਸਕੇ ।

★ ਪਾਣੀ ਨੂੰ ਕੀਟਾਣੂ ਰਹਿਤ ਕਰਨ ਲਈ 100 ਲਿਟਰ ਪਾਣੀ ਵਿੱਚ 250 ਮਿਲੀਲਿਟਰ ਸਿਰਕਾ ਜਾਂ 10 ਗ੍ਰਾਮ ਅਮੋਨੀਅਮ ਕਲੋਰਾਈਡ ਮਿਲਾਓ ।

★ ਅੰਡੇ ਦੇਣ ਵਾਲੀਆਂ ਮੁਰਗੀਆਂ ਵਿੱਚ ਜ਼ਿਆਦਾ ਹਫਣ ਕਾਰਨ ਕਾਰਬਨ ਡਾਈਆਕਸਾਈਡ ਦੀ ਕਮੀ ਹੋ ਜਾਂਦੀ ਹੈ, ਜਿਸ ਨਾਲ ਆਂਡਿਆਂ ਦੇ ਛਿਲਕੇ ਪਤਲੇ ਅਤੇ ਕਮਜ਼ੋਰ ਹੋ ਜਾਂਦੇ ਹਨ । ਆਂਡੇ ਦੇ ਛਿਲਕੇ ਦੀ ਗੁਣਵੱਤਾ ਬਣਾਈ ਰੱਖਣ ਅਤੇ ਟੁੱਟਣ ਤੋਂ ਬਚਾਉਣ ਲਈ, ਆਂਡੇ ਦੇਣ ਵਾਲੀਆਂ ਮੁਰਗੀਆਂ ਨੂੰ ਦੁਪਹਿਰ ਦੇ ਪਾਣੀ ਵਿੱਚ ਵਾਧੂ ਕੈਲਸ਼ੀਅਮ, ਫਾਸਫੋਰਸ ਅਤੇ ਵਿਟਾਮਿਨ ਡੀ3 ਦਿਓ ।

★ ਆਮ ਹਾਲਤਾਂ ਵਿੱਚ ਪ੍ਰਤੀ 100 ਪੰਛੀਆਂ ਨੂੰ 20-30 ਮਿਲੀਲਿਟਰ ਤਰਲ ਕੈਲਸ਼ੀਅਮ-ਫਾਸਫੋਰਸ-ਡੀ3 ਦਿਓ, ਪਰ ਗਰਮੀ ਦੇ ਤਣਾਅ ਦੌਰਾਨ ਪਤਲੇ ਛਿਲਕਿਆਂ ਤੋਂ ਬਚਣ ਲਈ, ਜੁਲਾਈ ਅਤੇ ਅਗਸਤ ਦੇ ਮਹੀਨਿਆਂ ਵਿੱਚ ਹਫ਼ਤੇ ਵਿੱਚ 3-4 ਦਿਨ ਦੁਪਹਿਰ ਦੇ ਪੀਣ ਵਾਲੇ ਪਾਣੀ (2-3 ਵਜੇ) ਵਿੱਚ 40-50 ਮਿਲੀਲਿਟਰ ਦਿਓ ।





### ਸ਼ਹਿਦ ਦੀਆਂ ਮੱਖੀਆਂ ਪਾਲਣਾ

ਇਸ ਮਹੀਨੇ ਵਿੱਚ ਕਟੁੰਬਾਂ ਦਾ ਨਿਰੀਖਣ ਤੇਜ਼ੀ ਨਾਲ ਦੇਰ ਸ਼ਾਮ ਨੂੰ ਹੀ ਕਰਨਾ ਚਾਹੀਦਾ ਹੈ । ਕਟੁੰਬ ਵਿੱਚ ਨੈਕਟਰ/ਸ਼ਹਿਦ ਦੀ ਘਾਟ ਦੀ ਸੂਰਤ ਵਿੱਚ ਇੱਕ ਹਿੱਸਾ ਖੰਡ ਅਤੇ ਇੱਕ ਹਿੱਸਾ ਪਾਣੀ ਦੇ ਘੋਲ ਦੀ ਖੁਰਾਕ ਸ਼ਾਮ ਵੇਲੇ ਸਾਰੇ ਕਟੁੰਬਾਂ ਨੂੰ ਫੀਡਰ ਜਾਂ ਖਾਲੀ ਛੱਤਿਆਂ ਵਿੱਚ ਪਾ ਕੇ ਦਿਉ । ਖੁਰਾਕ ਦੀ ਮਾਤਰਾ ਕਲੋਨੀ ਵਿੱਚ ਮੱਖੀ ਦੀ ਗਿਣਤੀ ਅਤੇ ਮੌਜੂਦਾ ਖੁਰਾਕ ਅਨੁਸਾਰ ਦੇਵੋ । ਕਲੋਨੀਆਂ ਦੇ ਗੇਟ ਛੋਟੇ ਕਰਕੇ, ਵਿਰਲਾਂ-ਝੀਥਾਂ ਨੂੰ ਬੰਦ ਕਰਕੇ, ਫਾਰਮ ਤੇ ਖੁਰਾਕ ਨਾ ਡੁੱਲਣ ਦੇਣ, ਆਦਿ ਉਪਰਾਲੇ ਕਰੋ ਤਾਂ ਜੋ ਰੋਬਿੰਗ ਦੀ ਸਮੱਸਿਆ ਤੋਂ ਬਚਾਅ ਕੀਤਾ ਜਾ ਸਕੇ । ਪਰਾਗ ਦੀ ਘਾਟ ਦੀ ਸੂਰਤ ਵਿੱਚ ਕਟੁੰਬਾਂ ਨੂੰ ਇੱਕਠਾ ਅਤੇ ਸਟੋਰ ਕੀਤਾ ਪਰਾਗ ਦਿਓ ਜਾਂ ਪੀ.ਏ.ਯੂ. ਪਰਾਗ ਬਦਲ (ਪੋਲਨ ਸਬਸਟੀਚਿਊਟ/ਸਪਲੀਮੈਂਟ) ਦਿਉ । ਕਟੁੰਬਾਂ ਨੂੰ ਮੋਮੀ ਕੀੜਿਆਂ, ਕੀੜੀਆਂ, ਦੰਦਈਏ ਅਤੇ ਹਰੀ ਚਿੜੀਆਂ ਦੇ ਹਮਲੇ ਤੋਂ ਬਚਾਉ । ਸਟੋਰ ਕੀਤੇ ਹੋਏ ਵਾਧੂ ਖਾਲੀ ਛੱਤਿਆਂ ਨੂੰ ਗੰਧਕ ਦੀ ਧੂਣੀ ਦੇ ਕੇ ਮੋਮੀ ਕੀੜੇ ਦੇ ਹਮਲੇ ਤੋਂ ਬਚਾਉ । ਕਮਜ਼ੋਰ ਰਾਣੀ-ਰਹਿਤ ਅਤੇ ਲੇਇੰਗ ਵਰਕਰ ਕਟੁੰਬਾਂ ਨੂੰ ਦਰਮਿਆਨੀ ਬਲਤਾ ਦੇ ਰਾਣੀ ਵਾਲੇ ਕਟੁੰਬਾਂ ਨਾਲ ਮਿਲਾਉ । ਕਟੁੰਬਾਂ ਨੂੰ ਉੱਚੇ ਸਟੈਂਡਾਂ ਉੱਤੇ ਥੋੜ੍ਹਾ ਜਿਹਾ ਮੂਹਰਲੇ ਪਾਸੇ ਵੱਲ ਝੁਕਾ ਕੇ ਰੱਖੋ ਤਾਂ ਕਿ ਮੀਂਹ ਦਾ ਪਾਣੀ ਕਟੁੰਬਾਂ ਦੇ ਅੰਦਰ ਵੜ ਅਤੇ ਖੜੇ ਨਾ ਸਕੇ । ਕਟੁੰਬਾਂ ਨੂੰ ਬਰਸਾਤੀ ਪਾਣੀ ਅਤੇ ਨਾਲਿਆਂ ਦੇ ਰਾਹ ਵਿੱਚ ਨਾ ਰੱਖੋ । ਸ਼ਹਿਦ ਮੱਖੀ ਹਾਈਵ ਦੇ ਉੱਪਰਲੇ ਢੱਕਣ (ਟੋਪ ਕਵਰ), ਜੋ ਕਿ ਜਿਸਤੀ ਚਾਦਰ ਨਾਲ ਉਪਰੋਂ ਢੱਕਿਆ ਹੋਵੇ, ਦੀ ਵਰਤੋਂ ਜ਼ਰੂਰ ਕਰੋ । ਕਟੁੰਬਾਂ ਨੂੰ ਨੀਵੀਂ ਜਗ੍ਹਾ ਤੋਂ ਚੁੱਕ ਕੇ ਉੱਚੀ ਜਗ੍ਹਾ ਤੇ ਲਿਜਾ ਕੇ ਰੱਖੋ ਅਤੇ ਉਨ੍ਹਾਂ ਦੇ ਆਲੇ-ਦੁਆਲੇ ਬਰਸਾਤ ਦੇ ਮੌਸਮ ਕਾਰਨ ਵਧਦੀ ਹੋਈ ਬਨਸਪਤੀ/ਨਦੀਨਾਂ ਆਦਿ ਨੂੰ ਸਾਫ਼ ਕਰਦੇ ਰਹੋ ਤਾਂ ਕਿ ਕਟੁੰਬ ਹਵਾਦਾਰ ਅਤੇ ਸਿਲ੍ਹ ਰਹਿਤ ਰਹਿਣ ਅਤੇ ਮੱਖੀਆਂ ਦੀ ਕਾਰਜ ਉਡਾਰੀ ਵਿੱਚ ਵਾਧਾ ਹੋਵੇ । ਧਿਆਨ ਰੱਖੋ ਕਿ ਅੰਦਰਲੇ ਢੱਕਣ ਦੀ ਜਾਲੀ ਬੰਦ ਨਾ ਹੋਵੇ ਤਾਂ ਜੋ ਕਟੁੰਬ ਹਵਾਦਾਰ ਬਣੇ ਰਹਿਣ ।

**ਖੁੰਬਾਂ ਦੀ ਕਾਸ਼ਤ**

ਇਸ ਮਹੀਨੇ ਦੌਰਾਨ, ਸਾਫ਼ ਸੁਥਰੀ ਤੂੜੀ ਅਤੇ ਚੰਗੀ ਤਰ੍ਹਾਂ ਗਲੀ ਹੋਈ ਰੂੜੀ ਖਾਦ ਨੂੰ ਜਮ੍ਹਾਂ ਕਰੋ ਤਾਂ ਜੋ ਬਟਨ ਅਤੇ ਢੀਂਗਰੀ ਖੁੰਬ ਦੀ ਕਾਸ਼ਤ ਲਈ ਇਨ੍ਹਾਂ ਦੀ ਆਉਣ ਵਾਲੇ ਸੀਜ਼ਨ ਵਿੱਚ ਵਰਤੋਂ ਕੀਤੀ ਜਾ ਸਕੇ (ਅਕਤੂਬਰ-ਮਾਰਚ)। ਪਰਾਲੀ ਖੁੰਬ ਦੀ ਕਾਸ਼ਤ ਲਈ ਪਰਾਲੀ ਦੇ ਪੂਲੇ (1.5 ਕਿਲੋ) ਬਣਾ ਕੇ, ਗਿੱਲਾ ਕਰੋ, ਬੈੱਡ ਬਣਾਓ ਫਿਰ ਉਸ ਵਿੱਚ ਬੀਜ ਪਾਓ । ਖੁੰਬਾਂ ਦੀ ਤੁੜਾਈ ਦੌਰਾਨ, ਬੈੱਡਾਂ ਉਤੇ ਰੋਜ਼ਾਨਾ ਦਿਨ ਵਿੱਚ ਦੋ ਵਾਰ ਫੁਹਾਰੇ ਨਾਲ ਪਾਣੀ ਲਾਓ । ਫ਼ਸਲ ਦੀ ਤੁੜਾਈ ਤੋਂ ਬਾਅਦ ਪੁਰਾਣੇ ਬੈੱਡਾਂ ਨੂੰ ਬਾਹਰ ਕੱਢ ਕੇ ਅਗਲੀ ਫ਼ਸਲ ਲਈ ਨਵੇਂ ਬੈੱਡ ਬਣਾਓ । ਇਸ ਮਹੀਨੇ ਦੌਰਾਨ ਰੇਸ਼ਾ ਫੈਲੇ ਹੋਏ ਮਿਲਕੀ ਖੁੰਬ ਦੇ ਬੈਗਾਂ ਉੱਤੇ 1-1.5" ਮੋਟੀ ਕੇਸਿੰਗ ਮਿੱਟੀ (ਰੂੜੀ ਖਾਦ : ਰੇਤਲੀ ਮਿੱਟੀ 4:1) ਦੀ ਪਰਤ ਵਿਛਾ ਦਿਓ ਅਤੇ ਕਮਰੇ ਵਿੱਚ 80-85% ਨਮੀਂ ਬਣਾ ਕੇ ਰੱਖੋ । ਕੇਸਿੰਗ ਦੇ 15-17 ਦਿਨਾਂ ਬਾਅਦ ਮਿਲਕੀ ਖੁੰਬ ਦੇ ਕਿਣਕੇ ਨਜ਼ਰ ਆਉਣੇ ਸ਼ੁਰੂ ਹੋ ਜਾਂਦੇ ਹਨ ਅਤੇ ਇਸ ਫ਼ਸਲ ਦੀ ਤੁੜਾਈ 30-35 ਦਿਨਾਂ ਲਈ ਜਾਰੀ ਰਹਿੰਦੀ ਹੈ ।







# ਪੂਸਾ-44 ਦੀ ਕਾਸ਼ਤ ਨੂੰ ਬੰਦ ਕਰਨਾ ਉੱਚਿਤ ਨਹੀਂ

ਪੰਜਾਬ ਵਿੱਚ ਝੋਨੇ ਦੀ ਲੁਆਈ ਸ਼ੁਰੂ ਹੋ ਗਈ ਹੈ, ਪਰ ਕਾਫ਼ੀ ਘੱਟ ਰਫ਼ਤਾਰ ਨਾਲ ਇਹ ਕੰਮ ਚਲ ਰਿਹਾ ਹੈ। ਪੰਜਾਬ ਸਰਕਾਰ ਨੇ ਪਰਿਜ਼ਰਵੇਸ਼ਨ ਆਫ ਸਬ-ਸੁਆਇਲ ਵਾਟਰ ਐਕਟ 2009 ਹੇਠ ਕਿਸਾਨਾਂ ਨੂੰ 15 ਜੂਨ ਤੋਂ ਝੋਨਾ ਲਗਾਉਣਾ ਸ਼ੁਰੂ ਕਰਨ ਦੀ ਆਗਿਆ ਦਿੱਤੀ ਸੀ, ਜਿਸ ਵਿੱਚ ਥੋੜ੍ਹੀ-ਬਹੁਤ ਤਬਦੀਲੀ ਕਰਕੇ ਹਰ ਸਾਲ ਝੋਨਾ ਲਗਦਾ ਰਿਹਾ। ਇਸ ਸਾਲ ਪਹਿਲੀ ਜੂਨ ਤੋਂ ਤਿੰਨ ਪੜਾਵਾਂ ਵਿੱਚ ਝੋਨਾ ਲਾਉਣ ਦੀ ਸਰਕਾਰ ਨੇ ਪ੍ਰਵਾਨਗੀ ਦਿੱਤੀ ਹੈ। ਇਹ ਮਿਤੀ ਇਸ ਲਈ ਨੀਯਤ ਕੀਤੀ ਜਾਂਦੀ ਰਹੀ ਹੈ ਕਿ ਕਿਸਾਨ ਅਗੇਤਾ ਝੋਨਾ ਲਾਉਣਾ ਸ਼ੁਰੂ ਨਾ ਕਰਨ ਤੇ ਪਾਣੀ ਦੀ ਬਚਤ ਹੋ ਸਕੇ। ਪੂਸਾ-44 ਕਿਸਮ ਨੂੰ ਅਗੇਤਾ ਝੋਨਾ ਲਾਉਣ ਦਾ ਨਿਸ਼ਾਨਾ ਬਣਾਇਆ ਗਿਆ, ਕਿਉਂਕਿ ਇਹ ਪੱਕਣ ਨੂੰ ਹੋਰ ਕਿਸਮਾਂ ਨਾਲੋਂ ਹਫ਼ਤਾ-ਦਸ ਦਿਨ ਵੱਧ ਲੈਂਦੀ ਸੀ। ਰਾਜ ਪੁਰਸਕਾਰੀ ਪੀ.ਏ.ਯੂ. ਤੋਂ ਸਨਮਾਨਿਤ ਬਿਸ਼ਨਪੁਰ ਛੰਨਾ (ਪਟਿਆਲਾ) ਦਾ ਅਗਾਂਹਵਧੂ ਕਿਸਾਨ ਰਾਜਮੋਹਨ ਸਿੰਘ ਕਾਲੇਕਾ 1993 ਤੋਂ ਲਗਾਤਾਰ ਆਪਣੀ 18 ਏਕੜ ਜ਼ਮੀਨ 'ਤੇ ਪੂਸਾ-44 ਕਿਸਮ ਬੀਜਦਾ ਆ ਰਿਹਾ ਹੈ, ਜਿਸ ਨੇ ਪੂਸਾ-44 ਬੀਜ ਕੇ ਔਸਤਨ 40 ਕੁਇੰਟਲ ਪ੍ਰਤੀ ਏਕੜ ਝਾੜ ਪ੍ਰਾਪਤ ਕਰਕੇ 2017-18 ਵਿੱਚ ਪੂਸਾ-44 ਕਿਸਮ ਦਾ ਰਾਜ ਭਰ ਵਿੱਚ ਸਭ ਤੋਂ ਵੱਧ ਝਾੜ ਪ੍ਰਾਪਤ ਕਰਨ ਵਜੋਂ ਕੇਂਦਰ ਤੋਂ ਪੰਜਾਬ ਸਰਕਾਰ ਦੇ ਨਾਲ 'ਕ੍ਰਿਸ਼ੀ ਕਰਮਨ ਪੁਰਸਕਾਰ' ਪ੍ਰਾਪਤ ਕੀਤਾ। ਉਸ ਨੂੰ ਇਸ ਪ੍ਰਾਪਤੀ ਵਜੋਂ ਆਈ.ਸੀ.ਏ.ਆਰ.-ਇੰਡੀਅਨ ਐਗਰੀਕਲਚਰਲ ਰਿਸਰਚ ਇੰਸਟੀਚਿਊਟ ਨੇ 'ਫੈਲੋ ਫਾਰਮਰ' ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਸੀ।

ਪੂਸਾ-44 ਲਗਾਤਾਰ ਕਈ ਸਾਲਾਂ ਤੱਕ ਝੋਨੇ ਦੀ ਕਾਸ਼ਤ ਹੇਠ ਕੁੱਲ ਰਕਬੇ ਵਿੱਚੋਂ 70% ਤੋਂ ਵੱਧ ਰਕਬੇ 'ਤੇ ਲਾਈ ਜਾਂਦੀ ਰਹੀ ਹੈ। ਇਹ ਹਨੇਰੀਆਂ, ਝੱਖੜਾਂ ਤੇ ਤੇਜ਼ ਹਵਾਵਾਂ ਵਿੱਚ ਡਿੱਗਦੀ ਵੀ ਨਹੀਂ। ਆੜ੍ਹਤੀਆ ਐਸੋਸੀਏਸ਼ਨ ਪਟਿਆਲਾ ਦਾ ਪ੍ਰਧਾਨ ਤੇ ਚੌਲ ਮਿੱਲਾਂ ਦਾ ਪ੍ਰਸਿੱਧ ਮਾਲਕ ਦੇਵੀ ਦਿਆਲ ਕਹਿੰਦਾ ਹੈ ਕਿ ਮਿੱਲਾਂ ਵਾਲੇ ਪੂਸਾ-44 ਖਰੀਦਣਾ ਇਸ ਲਈ ਪਸੰਦ ਕਰਦੇ ਹਨ, ਕਿਉਂਕਿ ਇਸ ਦਾ ਚੌਲ ਨਹੀਂ ਟੁੱਟਦਾ, ਟੋਟਾ ਦੂਜੀਆਂ ਕਿਸਮਾਂ ਨਾਲੋਂ ਬੜਾ ਘੱਟ ਹੁੰਦਾ ਹੈ ਤੇ ਚੌਲਾਂ ਦੀ ਵਸੂਲੀ ਜ਼ਿਆਦਾ 70% ਤੱਕ ਹੈ। ਸਰਕਾਰ ਨੇ ਪੂਸਾ-44 ਦੀ ਕਾਸ਼ਤ ਤੇ ਪੰਜਾਬ ਬੀਜ ਪ੍ਰਮਾਣਨ ਅਥਾਰਟੀ ਤੋਂ ਇਸ ਦੇ ਬੀਜ ਦੀ ਸਰਟੀਫਿਕੇਸ਼ਨ ਬੰਦ ਕਰਾ ਕੇ ਅਤੇ ਪੀ.ਏ.ਯੂ. ਦੀ ਸਿਫ਼ਾਰਸ਼ ਅਤੇ ਹੋਰ ਰੋਕਾਂ ਲਾ ਕੇ ਇਸ ਕਿਸਮ ਦੀ ਕਾਸ਼ਤ ਨੂੰ ਰੋਕਣ 'ਤੇ ਜ਼ੋਰ ਦਿੱਤਾ, ਜਿਸ ਉਪਰੰਤ ਇਸ ਦੀ ਕਾਸ਼ਤ ਘਟਦੀ ਗਈ। ਫੇਰ ਵੀ ਪਿਛਲੇ ਸਾਲਾਂ ਵਿੱਚ ਤਕਰੀਬਨ 20% ਰਕਬੇ 'ਤੇ ਇਸ ਦੀ ਕਾਸ਼ਤ ਕੀਤੀ ਜਾਂਦੀ ਰਹੀ। ਇਸ ਕਿਸਮ ਨੂੰ ਵਿਕਸਿਤ ਕਰਨ ਵਾਲੀ ਆਈ.ਏ.ਆਰ.ਆਈ. ਨੇ ਵੀ ਇਸ ਦਾ ਬੀਜ ਬਣਾਉਣਾ ਬੰਦ ਕਰ ਦਿੱਤਾ ਹੈ। ਹਾਲਾਂਕਿ ਇਹ ਕਿਸਮ ਕੇਂਦਰ ਦੀ ਫ਼ਸਲਾਂ ਦੀਆਂ ਕਿਸਮਾਂ ਤੇ ਮਿਆਰਾਂ ਦੀ ਪ੍ਰਵਾਨਗੀ ਸੰਬੰਧੀ ਬਣਾਈ ਸਬ-ਕਮੇਟੀ ਵਲੋਂ ਨੋਟੀਫਾਈਡ ਹੈ। ਦੂਜੀਆਂ ਅਪ੍ਰਮਾਣਿਤ ਹਾਈਬ੍ਰਿਡ ਕਿਸਮਾਂ, ਪੀਲੀ ਪੂਸਾ, ਡੋਗਰ ਪੂਸਾ ਆਦਿ ਜੋ ਨੋਟੀਫਾਈਡ ਵੀ ਨਹੀਂ, ਮੰਡੀ ਵਿੱਚ ਵੇਚੀਆਂ ਜਾ ਰਹੀਆਂ ਹਨ ਤੇ ਕਿਸਾਨ ਉਨ੍ਹਾਂ ਨੂੰ ਬੀਜ ਰਹੇ ਹਨ।



ਭਗਵਾਨ ਦਾਸ

ਪੰਜਾਬ ਸਰਕਾਰ ਨੇ ਜੋ ਇਸ ਸਾਲ ਤਿੰਨ ਪੜਾਵਾਂ ਵਿੱਚ ਝੋਨਾ ਲਾਉਣ ਦਾ ਹੁਕਮ ਜਾਰੀ ਕੀਤਾ, ਉਸ ਦਾ ਮੁੱਖ ਟੀਚਾ ਪਾਣੀ ਦੀ ਬੱਚਤ ਹੈ। ਪੂਸਾ-44 ਦੇ ਬੀਜ ਦੀ ਉਪਲੱਬਧਤਾ ਨਾ ਹੋਣ ਅਤੇ ਕਿਸਾਨਾਂ ਵਲੋਂ ਕੀਤੇ ਤਜ਼ਰਬਿਆਂ ਦੇ ਆਧਾਰ 'ਤੇ ਕਿ 20 ਜੂਨ ਦੇ ਨੇੜੇ ਲਾਈ ਫ਼ਸਲ ਕੀੜੇ-ਮਕੌੜਿਆਂ ਤੋਂ ਸੁਰੱਖਿਅਤ ਰਹਿੰਦੀ ਹੈ, ਕਿਸਾਨ ਅਗੇਤਾ ਝੋਨਾ ਨਹੀਂ ਲਾ ਰਹੇ। ਅਮਲੋਹ ਨੇੜੇ ਧਰਮਗੜ੍ਹ ਪਿੰਡ ਦਾ ਪੀ.ਏ.ਯੂ. ਤੋਂ ਸਨਮਾਨਿਤ ਅਗਾਂਹਵਧੂ ਕਿਸਾਨ ਬਲਬੀਰ ਸਿੰਘ ਜੜ੍ਹੀਆ ਕਹਿੰਦਾ ਹੈ ਕਿ ਪੂਸਾ-44 ਪੱਕਣ ਨੂੰ 145 ਦਿਨ ਲੈਂਦੀ ਹੈ ਤੇ ਇਸ ਨਾਲ ਪਾਣੀ ਦੀ ਖ਼ਪਤ ਕੋਈ ਜ਼ਿਆਦਾ ਨਹੀਂ ਹੁੰਦੀ। ਕਾਲੇਕਾ ਤੇ ਜੜ੍ਹੀਆ ਅਨੁਸਾਰ ਹੁਣ ਜੋ ਥੋੜ੍ਹੇ ਸਮੇਂ ਵਿੱਚ ਪੱਕਣ ਵਾਲੀਆਂ ਕਿਸਮਾਂ ਦੇ ਆਉਣ ਨਾਲ ਕਿਸਾਨ ਆਲੂ, ਬਹਾਰ ਰੁੱਤ ਦੀ ਮੱਕੀ ਤੇ ਝੋਨੇ ਦਾ ਫ਼ਸਲੀ ਚੱਕਰ ਅਪਣਾ ਰਹੇ ਹਨ, ਉਸ ਨਾਲ ਪਾਣੀ ਦੀ ਖ਼ਪਤ ਪੂਸਾ-44 ਨਾਲੋਂ ਕਿਤੇ ਵੱਧ ਹੁੰਦੀ ਹੈ। ਭਾਵੇਂ ਆਈ.ਏ.ਆਰ.ਆਈ. ਨੇ ਥੋੜ੍ਹੇ ਸਮੇਂ ਵਿੱਚ ਪੱਕਣ ਵਾਲੀਆਂ ਪੂਸਾ-1824 ਤੇ ਪੂਸਾ-2000 ਕਿਸਮਾਂ ਵਿਕਸਿਤ ਕੀਤੀਆਂ ਪਰ ਕਾਲੇਕਾ ਕਹਿੰਦਾ ਹੈ ਕਿ ਪੂਸਾ-44 ਦੇ ਬੀਜ ਬਣਾਉਣਾ ਸਰਕਾਰ ਨੂੰ ਓਨਾ ਚਿਰ ਬੰਦ ਨਹੀਂ ਸੀ ਕਰਨਾ ਚਾਹੀਦਾ, ਜਿੰਨਾ ਚਿਰ ਨਵੀਆਂ ਕਿਸਮਾਂ ਨੂੰ ਪੂਰੀ ਤਰ੍ਹਾਂ ਅਪਣਾਇਆ ਨਹੀਂ ਜਾਂਦਾ।

ਸਾਰੀਆਂ ਕਿਸਮਾਂ ਨਾਲੋਂ ਪੂਸਾ-44 ਦਾ ਲਾਉਣਾ ਜੋ ਕਿਸਾਨਾਂ, ਸ਼ੈਲਰਾਂ ਤੇ ਆੜ੍ਹਤੀਆਂ ਦੀ ਪਸੰਦ ਸੀ, ਨੂੰ ਬੰਦ ਕਰਨਾ ਠੀਕ ਨਹੀਂ ਸੀ ਭਾਂਪਦਾ। ਸਰਕਾਰ ਵਲੋਂ ਜੋ 8 ਘੰਟੇ ਬਿਜਲੀ ਝੋਨੇ ਦੇ ਸੀਜ਼ਨ ਵਿੱਚ ਮੁਹੱਈਆ ਕਰਨ ਦਾ ਭਰੋਸਾ ਦਿੱਤਾ ਗਿਆ ਹੈ, ਉਸ ਦੇ ਮੱਦੇਨਜ਼ਰ ਤਾਂ ਪੂਸਾ-44 ਜਿਹੀ ਕਿਸਮ ਜੋ ਲਗਾਤਾਰ 30 ਸਾਲਾਂ ਤੋਂ ਸਫ਼ਲਤਾ ਨਾਲ ਬੀਜੀ ਜਾ ਰਹੀ ਸੀ, ਦੀ ਕਾਸ਼ਤ ਤੇ ਬੀਜ ਬਣਾਉਣਾ ਬੰਦ ਕਰਨਾ ਕਿਸਾਨੀ ਦੇ ਹਿੱਤ ਵਿੱਚ ਨਹੀਂ ਹੈ।

ਨਵਾਂ ਫ਼ਸਲੀ-ਚੱਕਰ ਜੋ ਹਾਈਬ੍ਰਿਡ ਝੋਨੇ ਦੀ ਵਧ ਰਹੀ ਕਾਸ਼ਤ ਨਾਲ ਸਾਹਮਣੇ ਆਇਆ ਹੈ, ਇਸ ਕਾਰਨ ਖੇਤੀ 'ਤੇ ਸੰਕਟ ਮੰਡਰਾ ਰਿਹਾ ਹੈ। ਹਾਈਬ੍ਰਿਡਜ਼ ਨਾਲ ਝੋਨੇ ਦੀ ਗੁਣਵੱਤਾ ਖਰਾਬ ਹੋਣ ਨਾਲ ਝੋਨੇ ਦੇ ਮੰਡੀਕਰਨ ਵਿੱਚ ਕਿਸਾਨਾਂ ਨੂੰ ਬਹੁਤ ਮੁਸ਼ਕਿਲ ਆਵੇਗੀ। ਇਸ ਸਾਲ ਬਾਸਮਤੀ ਦੀਆਂ ਕਿਸਮਾਂ ਹੇਠ ਰਕਬਾ ਵਧਣ ਦੀ ਸੰਭਾਵਨਾ ਨਹੀਂ, ਕਿਉਂਕਿ ਖਾੜੀ ਦੀ ਜੰਗ ਕਾਰਨ ਕਿਸਾਨਾਂ ਨੂੰ ਖ਼ਦਸ਼ਾ ਹੈ ਕਿ ਬਾਸਮਤੀ ਦੀ ਬਰਾਮਦ ਘਟੇਗੀ, ਜਿਸ ਕਾਰਨ ਬਾਸਮਤੀ ਦੇ ਭਾਅ ਡਿੱਗਣ ਦਾ ਅੰਦੇਸ਼ਾ ਹੈ। ਇਸ 'ਤੇ ਐਮ.ਐਸ.ਪੀ. ਵੀ ਨਹੀਂ ਹੈ। ਭਾਵੇਂ ਮੌਸਮ ਵਿਭਾਗ ਵਲੋਂ ਇਸ ਸਾਲ ਪਿਛਲੇ ਸਾਲਾਂ ਦੇ ਮੁਕਾਬਲੇ ਘੱਟ ਬਾਰਿਸ਼ ਹੋਣ ਦੀ ਭਵਿੱਖਬਾਣੀ ਕੀਤੀ ਹੈ, ਪਰ ਝੋਨਾ ਖ਼ਰੀਫ਼ ਦੀ ਮੁੱਖ ਫ਼ਸਲ ਬਣੀ ਰਹੇਗੀ। ਪੀ.ਏ.ਯੂ. ਨੂੰ ਅਜਿਹੀਆਂ ਬਦਲਵੀਆਂ ਫ਼ਸਲਾਂ ਵਿਕਸਿਤ ਕਰਨ ਦੀ ਲੋੜ ਹੈ, ਜੋ ਕਿਸਾਨਾਂ ਨੂੰ ਝੋਨੇ ਜਿੰਨਾ ਮੁਨਾਫ਼ਾ ਦੇਣ।

# ਬਰਸਾਤ ਰੁੱਤ ਵਿੱਚ ਟਮਾਟਰਾਂ ਦੀ ਕਾਸ਼ਤ ਕਰੋ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਬਰਸਾਤ ਰੁੱਤ ਵਿੱਚ ਵਿਸ਼ਾਣੂੰ ਰੋਗ ਦਾ ਟਾਕਰਾ ਕਰਨ ਵਾਲੀਆਂ ਟਮਾਟਰ ਦੀਆਂ ਕਿਸਮਾਂ ਵਿਕਸਤ ਕੀਤੀਆਂ ਗਈਆਂ ਹਨ। ਬਰਸਾਤੀ ਮੌਸਮ ਵਿੱਚ ਲੱਗਣ ਵਾਲੀਆਂ ਇਨ੍ਹਾਂ ਕਿਸਮਾਂ ਦਾ ਫ਼ਲ ਨਵੰਬਰ-ਦਸੰਬਰ ਵਿੱਚ ਤਿਆਰ ਹੋ ਜਾਂਦਾ ਹੈ, ਜਿਸ ਤੋਂ ਚੰਗੀ ਆਮਦਨ ਹੋ ਸਕਦੀ ਹੈ।

**ਉੱਨਤ ਕਿਸਮਾਂ**

| ਕਿਸਮ | ਪੰਜਾਬ ਵਰਖਾ ਬਹਾਰ 4 | ਪੰਜਾਬ ਵਰਖਾ ਬਹਾਰ 2 | ਪੰਜਾਬ ਵਰਖਾ ਬਹਾਰ 1 |
|---|---|---|---|
| ਫ਼ਲ ਦਾ ਰੰਗ ਅਤੇ ਆਕਾਰ | ਗੂੜ੍ਹੇ ਲਾਲ, ਗੋਲ ਅਤੇ ਸਖ਼ਤ | ਲਾਲ, ਗੋਲ ਅਤੇ ਦਰਮਿਆਨੇ ਸਖ਼ਤ | ਲਾਲ, ਗੋਲ ਅਤੇ ਦਰਮਿਆਨੇ ਸਖ਼ਤ |
| ਪਹਿਲੀ ਤੁੜਾਈ ਲਈ ਸਮਾਂ (ਦਿਨ) | 88 | 100 | 90 |
| ਔਸਤਨ ਝਾੜ (ਕੁਇੰਟਲ/ਏਕੜ) | 245 | 216 | 215 |

**ਬੀਜ ਦੀ ਮਾਤਰਾ :** ਇੱਕ ਏਕੜ ਦੀ ਪਨੀਰੀ ਤਿਆਰ ਕਰਨ ਲਈ 100 ਗ੍ਰਾਮ ਬੀਜ ਕਾਫ਼ੀ ਹੈ। ਦੋ ਮਰਲੇ (50 ਵਰਗ ਮੀਟਰ) ਦੀ ਪਨੀਰੀ ਏਕੜ ਲਈ ਕਾਫ਼ੀ ਹੁੰਦੀ ਹੈ।

**ਬਿਜਾਈ ਦਾ ਸਮਾਂ :** ਉਪਰੋਕਤ ਤਿੰਨੇ ਕਿਸਮਾਂ ਦੀ ਬਿਜਾਈ ਜੁਲਾਈ ਦੇ ਦੂਸਰੇ ਪੰਦਰਵਾੜੇ ਵਿੱਚ ਕਰੋ ਅਤੇ ਅਗਸਤ ਦੇ ਦੂਜੇ ਪੰਦਰਵਾੜ੍ਹੇ ਵਿੱਚ ਪਨੀਰੀ ਪੁੱਟ ਕੇ ਖੇਤ ਵਿੱਚ ਲਾ ਦਿਓ ਅਤੇ ਇੱਕ ਥਾਂ ਪਨੀਰੀ ਦੇ ਦੋ ਬੂਟੇ ਲਾਓ।

**ਪਨੀਰੀ ਤਿਆਰ ਕਰਨਾ :** ਪਨੀਰੀ ਤਿਆਰ ਕਰਨ ਲਈ 1.5 ਮੀਟਰ ਚੌੜੀਆਂ ਅਤੇ 20 ਸੈਂਟੀਮੀਟਰ ਉੱਚੀਆਂ ਕਿਆਰੀਆਂ ਬਣਾਉ। ਕਿਆਰੀਆਂ ਬਣਾਉਣ ਤੋਂ ਪਹਿਲਾਂ 10 ਕੁਇੰਟਲ ਗਲੀ-ਸੜੀ ਰੂੜੀ ਜ਼ਮੀਨ ਵਿਚ ਮਿਲਾ ਲੈਣੀ ਚਾਹੀਦੀ ਹੈ ਅਤੇ ਕਿਆਰੀਆਂ ਨੂੰ ਬਿਜਾਈ ਤੋਂ ਘੱਟੋ-ਘੱਟ 10 ਦਿਨ ਪਹਿਲਾਂ ਪਾਣੀ ਦਿਓ। ਕਿਆਰੀਆਂ 1.5-2.0 ਪ੍ਰਤੀਸ਼ਤ ਫਾਰਮਲੀਨ ਦੇ ਘੋਲ



(15-20 ਮਿ. ਲਿ. ਪ੍ਰਤੀ ਲਿਟਰ ਪਾਣੀ) ਨਾਲ 4-5 ਲਿਟਰ ਘੋਲ ਪ੍ਰਤੀ ਵਰਗ ਮੀਟਰ ਨਾਲ ਗੜੁੱਚ ਕਰੋ। ਕਿਆਰੀਆਂ ਨੂੰ ਪਲਾਸਟਿਕ ਦੀ ਚਾਦਰ ਨਾਲ 48-72 ਘੰਟੇ ਤੱਕ ਢੱਕ ਦਿਓ। ਬਾਅਦ ਵਿੱਚ ਦਿਨੇ ਇੱਕ ਵਾਰ 4-5 ਦਿਨ ਤੱਕ ਕਿਆਰੀਆਂ ਦੀ ਮਿੱਟੀ ਪਲਟਾਓ ਤਾਂ ਕਿ ਫਾਰਮਲੀਨ ਦਾ ਅਸਰ ਖ਼ਤਮ ਹੋ ਜਾਵੇ। ਬੀਜ ਦੀ ਸੋਧ ਲਈ 3 ਗ੍ਰਾਮ ਕੈਪਟਾਨ ਪ੍ਰਤੀ ਕਿਲੋ ਬੀਜ ਵਰਤੋਂ। ਬੀਜ 1-2 ਸੈਂਟੀਮੀਟਰ ਡੂੰਘਾਈ ਤੇ ਕਤਾਰਾਂ ਵਿੱਚ 5 ਸੈਂਟੀਮੀਟਰ ਦੀ ਵਿੱਥ ਤੇ ਬੀਜੋ। ਪਨੀਰੀ ਦੇ ਪੁੰਗਰਨ ਤੋਂ 5-7 ਦਿਨ ਬਾਅਦ ਕੈਪਟਾਨ (4 ਗ੍ਰਾਮ ਪ੍ਰਤੀ ਲਿਟਰ ਪਾਣੀ) ਦੇ ਘੋਲ ਨਾਲ ਗੜੁੱਚ ਕਰੋ। 7-10 ਦਿਨ ਬਾਅਦ ਇਸ ਨੂੰ ਫਿਰ ਦੁਹਰਾਓ।

**ਫ਼ਾਸਲਾ :** ਬਰਸਾਤ ਰੁੱਤ ਦੀਆਂ ਕਿਸਮਾਂ ਦੀ ਪਨੀਰੀ ਖੇਤ ਵਿੱਚ ਲਗਾਉਣ ਸਮੇਂ ਕਤਾਰਾਂ ਵਿਚਕਾਰ ਫ਼ਾਸਲਾ 120 ਤੋਂ 150 ਸੈਂਟੀਮੀਟਰ ਅਤੇ ਬੂਟਿਆਂ ਵਿਚਕਾਰ ਫ਼ਾਸਲਾ 30 ਸੈਂਟੀਮੀਟਰ ਰੱਖੋ।

**ਖਾਦਾਂ :** ਦਸ ਟਨ ਗਲੀ ਸੜੀ ਰੂੜੀ, 60 ਕਿਲੋ ਨਾਈਟ੍ਰੋਜਨ (130 ਕਿਲੋ ਯੂਰੀਆ), 25 ਕਿਲੋ ਫ਼ਾਸਫੋਰਸ (155 ਕਿਲੋ ਸੁਪਰ ਫ਼ਾਸਫੇਟ) ਅਤੇ 25 ਕਿਲੋ ਪੋਟਾਸ਼ (45 ਕਿਲੋ ਮਿਊਰੇਟ ਆਫ ਪੋਟਾਸ਼) ਪ੍ਰਤੀ ਏਕੜ ਬੂਟੇ ਲਾਉਣ ਤੋਂ ਪਹਿਲਾਂ ਪਾਉਣ ਦੀ ਲੋੜ ਹੈ। ਜੇਕਰ ਸੁਪਰਫਾਸਫੇਟ ਖਾਦ ਉਪਲਬਧ ਨਾ ਹੋਵੇ ਤਾਂ 55 ਕਿਲੋ ਡੀ ਏ ਪੀ ਵਰਤੋਂ ਪਰ ਨਾਲ ਹੀ ਯੂਰੀਆ ਦੀ ਮਾਤਰਾ ਘਟਾ ਕੇ 110 ਕਿਲੋ ਪ੍ਰਤੀ ਏਕੜ ਪਾਓ।

**ਨਦੀਨਾਂ ਦੀ ਰੋਕਥਾਮ :** ਸੈਂਕੋਰ 70 ਡਬਲਯੂ ਪੀ 300 ਗ੍ਰਾਮ ਪ੍ਰਤੀ ਏਕੜ ਦਾ ਛਿੜਕਾਅ 200 ਲਿਟਰ ਪਾਣੀ ਨਾਲ ਪਨੀਰੀ ਪੁੱਟ ਕੇ ਲਾਉਣ ਤੋਂ 3-4 ਦਿਨ ਪਹਿਲਾਂ ਤਿਆਰ ਕੀਤੇ ਚੰਗੀ ਨਮੀਂ ਵਾਲੇ ਖੇਤ ਵਿੱਚ ਕਰੋ ਅਤੇ ਬਾਅਦ ਵਿੱਚ ਇਕ ਗੋਡੀ ਕਰੋ।

**ਤੁੜਾਈ, ਸਾਂਭ-ਸੰਭਾਲ ਅਤੇ ਮੰਡੀਕਰਨ :** ਪੰਜਾਬ ਵਰਖਾ ਬਹਾਰ 4 ਨਵੰਬਰ ਦੇ ਦੂਜੇ ਪੰਦਰਵਾੜੇ, ਪੰਜਾਬ ਵਰਖਾ ਬਹਾਰ 1 ਅਖੀਰ ਨਵੰਬਰ ਅਤੇ ਪੰਜਾਬ ਵਰਖਾ ਬਹਾਰ 2 ਦਸੰਬਰ ਦੇ ਪਹਿਲੇ ਪੰਦਰਵਾੜੇ ਵਿੱਚ ਪਹਿਲੀ ਤੁੜਾਈ ਲਈ ਤਿਆਰ ਹੋ ਜਾਂਦੀ ਹੈ।

**ਪਰਵਿੰਦਰ ਸਿੰਘ ਅਤੇ ਪਰਮਿੰਦਰ ਸਿੰਘ ਸੰਧੂ, ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨ ਤਾਰਨ**
(ਮੋ. 81463-22553)

# ਪੌਲੀਨੈੱਟ ਹਾਊਸ ਵਿੱਚ ਜੜ੍ਹ ਗੰਢ ਰੋਗ ਤੋਂ ਸਬਜ਼ੀਆਂ ਦੀ ਸੁਰੱਖਿਆ



ਸੁਖਜੀਤ ਕੌਰ, ਹਰਵਿੰਦਰ ਸਿੰਘ ਬੁੱਟਰ, ਅਨੁਪਮ ਸੇਖੋਂ, ਸਬਜ਼ੀ ਵਿਭਾਗ, ਪੀ. ਏ. ਯੂ., ਲੁਧਿਆਣਾ। ਕ੍ਰਿਸ਼ੀ ਵਿਗਿਆਨ ਕੇਂਦਰ, ਜਲੰਧਰ। ਪੌਦਾ ਰੋਗ ਵਿਭਾਗ, ਪੀ. ਏ. ਯੂ., ਲੁਧਿਆਣਾ।

ਨੈੱਟ ਤੇ ਪੋਲੀਹਾਊਸ ਤਕਨੀਕ ਅਪਣਾਉਣ ਨਾਲ ਕਿਸਾਨ ਸਾਲ ਭਰ ਉੱਚ ਗੁਣਵੱਤਾ ਵਾਲੀਆਂ ਸਬਜ਼ੀਆਂ ਦਾ ਉਤਪਾਦਨ ਕਰਕੇ ਵਧੀਆ ਆਮਦਨ ਪ੍ਰਾਪਤ ਕਰ ਸਕਦੇ ਹਨ। ਟਮਾਟਰ, ਖੀਰਾ ਤੇ ਸ਼ਿਮਲਾ ਮਿਰਚ ਵਰਗੀਆਂ ਸਬਜ਼ੀਆਂ ਦੀ ਸੁਰੱਖਿਅਤ ਕਾਸ਼ਤ ਨਾਲ ਨਾ ਸਿਰਫ਼ ਵਧੇਰੇ ਝਾੜ ਮਿਲਦਾ ਹੈ, ਸਗੋਂ ਮੰਡੀ ਵਿੱਚ ਚੰਗਾ ਭਾਅ ਵੀ ਪ੍ਰਾਪਤ ਹੁੰਦਾ ਹੈ। ਪਰ ਨੈੱਟ ਦਾ ਪੋਲੀਹਾਊਸ ਵਿੱਚ ਇੱਕੋ ਕਿਸਮ ਦੀਆਂ ਸਬਜ਼ੀਆਂ ਦੀ ਲਗਾਤਾਰ ਕਾਸ਼ਤ, ਵਧ ਨਮੀ ਤੇ ਅਨੁਕੂਲ ਤਾਪਮਾਨ ਕਾਰਨ ਮਿੱਟੀ ਤੋਂ ਫੈਲਣ ਵਾਲੇ ਕੀੜੇ ਤੇ ਰੋਗ ਤੇਜ਼ੀ ਨਾਲ ਵਧਦੇ ਹਨ। ਇਨ੍ਹਾਂ ਵਿੱਚ ਜੜ੍ਹ ਗੰਢ ਰੋਗ ਇੱਕ ਗੰਭੀਰ ਸਮੱਸਿਆ ਵਜੋਂ ਉੱਭਰ ਕੇ ਸਾਹਮਣੇ ਆਇਆ ਹੈ, ਜੋ ਨੀਮਾਟੋਡ ਕਾਰਨ ਹੁੰਦਾ ਹੈ। ਇਸ ਲਈ ਨੈੱਟ ਤੇ ਪੋਲੀਹਾਊਸ ਵਿੱਚ ਜੜ੍ਹ ਗੰਢ ਰੋਗ ਦੀ ਸੁਚੱਜੀ ਰੋਕਥਾਮ ਬਹੁਤ ਜ਼ਰੂਰੀ ਹੈ।

### ਰੋਗ ਦੇ ਲੱਛਣ

ਜੜ੍ਹ ਗੰਢ ਨੀਮਾਟੋਡ ਪੌਦਿਆਂ ਦੀਆਂ ਨਰਮ ਜੜ੍ਹਾਂ 'ਤੇ ਹਮਲਾ ਕਰਕੇ ਉਨ੍ਹਾਂ ਵਿੱਚ ਗੰਢਾਂ ਬਣਾ ਦਿੰਦੇ ਹਨ, ਜਿਨ੍ਹਾਂ ਨਾਲ ਜੜ੍ਹਾਂ ਦੀ ਪਾਣੀ ਤੇ ਲੋੜੀਂਦੇ ਪੌਸ਼ਟਿਕ ਤੱਤ ਸੋਖਣ ਦੀ ਸਮਰੱਥਾ ਘਟ ਜਾਂਦੀ ਹੈ। ਨਤੀਜੇ ਵਜੋਂ ਪ੍ਰਭਾਵਿਤ ਪੌਦਿਆਂ ਦੇ ਪੱਤੇ ਪੀਲੇ ਪੈਣ ਲੱਗ ਜਾਂਦੇ ਹਨ ਅਤੇ ਪੌਦਿਆਂ ਦਾ ਵਾਧਾ ਰੁਕ ਜਾਂਦਾ ਹੈ। ਮਿੱਟੀ ਵਿੱਚ ਲੋੜੀਂਦੀ ਮਿੱਟੀ ਨਮੀ ਹੋਣ ਦੇ ਬਾਵਜੂਦ ਵੀ ਰੋਗੀ ਪੌਦੇ (ਬੂਟੇ) ਦਿਨ ਦੀ ਗਰਮੀ ਦੌਰਾਨ ਮੁਰਝਾਏ ਹੋਏ ਦਿਖਾਈ ਦਿੰਦੇ ਹਨ। ਜੜ੍ਹ ਗੰਢ ਰੋਗ ਨਾਲ ਪ੍ਰਭਾਵਿਤ ਪੌਦਿਆਂ 'ਤੇ ਫ਼ਲ ਘੱਟ ਲਗਦੇ ਹਨ। ਨੀਮਾਟੋਡ ਕਾਰਨ ਹੋਣ ਵਾਲਾ ਨੁਕਸਾਨ ਮਿੱਟੀ ਵਿੱਚ ਇਸ ਦੀ ਗਿਣਤੀ 'ਤੇ ਨਿਰਭਰ ਕਰਦਾ ਹੈ। ਜੜ੍ਹਾਂ ਵਿੱਚ ਬਣਨ ਵਾਲੀਆਂ ਗੰਢਾਂ ਦਾ ਆਕਾਰ ਵੀ ਫ਼ਸਲ ਅਨੁਸਾਰ ਵੱਖ-ਵੱਖ ਹੁੰਦਾ ਹੈ। ਨੀਮਾਟੋਡ ਨਾਲ ਪ੍ਰਭਾਵਿਤ ਜੜ੍ਹਾਂ ਕਮਜ਼ੋਰ ਹੋ ਜਾਂਦੀਆਂ ਹਨ, ਜਿਸ ਕਾਰਨ ਮਿੱਟੀ ਤੋਂ ਲੱਗਣ ਵਾਲੇ ਹੋਰ ਰੋਗ ਜਿਵੇਂ ਉੱਲੀ ਰੋਗ ਆਦਿ ਵੀ ਆਸਾਨੀ ਨਾਲ ਹਮਲਾ ਕਰ ਲੈਂਦੇ ਹਨ, ਜਿਸ ਨਾਲ ਫ਼ਸਲ ਦਾ ਨੁਕਸਾਨ ਹੋਰ ਵੀ ਵਧ ਜਾਂਦਾ ਹੈ।

ਜੜ੍ਹ ਗੰਢ ਨੀਮਾਟੋਡ ਦੇ ਜੀਵਨ ਚੱਕਰ ਵਿੱਚ ਚਾਰ ਅਵਸਥਾਵਾਂ ਹੁੰਦੀਆਂ ਹਨ। ਇਹ ਆਪਣਾ ਜੀਵਨ ਚੱਕਰ ਲਗਭਗ 3-4 ਹਫ਼ਤਿਆਂ ਵਿੱਚ ਪੂਰਾ ਕਰ ਲੈਂਦਾ ਹੈ। ਨੀਮਾਟੋਡ ਦੇ ਵਿਕਾਸ ਵਿੱਚ 25-30 ਡਿਗਰੀ ਸੈਂਟੀਗ੍ਰੇਡ ਤਾਪਮਾਨ ਇਸ ਦੇ ਵਿਕਾਸ ਲਈ ਸਭ ਤੋਂ ਅਨੁਕੂਲ ਮੰਨਿਆ ਜਾਂਦਾ ਹੈ। ਦੂਜੀ ਅਵਸਥਾ ਦੇ ਲਾਰਵੇ ਆਂਡਿਆਂ ਵਿੱਚੋਂ ਨਿਕਲ ਕੇ ਭੋਜਨ ਦੀ ਭਾਲ ਵਿੱਚ ਪੌਦਿਆਂ ਦੀਆਂ ਜੜ੍ਹਾਂ 'ਤੇ ਹਮਲਾ ਕਰਦੇ ਹਨ। ਇਹ ਲਾਰਵੇ ਹੋਰ ਤਿੰਨ ਅਵਸਥਾਵਾਂ ਵਿੱਚੋਂ ਲੰਘ ਕੇ ਨਰ ਤੇ ਮਾਦਾ ਨੀਮਾਟੋਡ ਵਿੱਚ ਤਬਦੀਲ ਹੋ ਜਾਂਦੇ ਹਨ। ਇੱਕ ਮਾਦਾ ਨੀਮਾਟੋਡ ਲਗਭਗ 300 ਤੋਂ 500 ਤੱਕ ਆਂਡੇ ਦਿੰਦੀ ਹੈ। ਇਹ ਆਂਡੇ ਜੈਲੀ ਵਰਗੇ ਪਦਾਰਥ ਵਿੱਚ ਬੱਝੇ ਹੁੰਦੇ ਹਨ। ਆਮ ਤੌਰ 'ਤੇ ਇਹ




ਆਂਡੇ ਜੜ੍ਹਾਂ ਦੀ ਉੱਪਰੀ ਸਤ੍ਹਾ 'ਤੇ ਇਕੱਠੇ ਪਏ ਜਾਂਦੇ ਹਨ। ਜਦੋਂ ਖੇਤ ਵਿੱਚ ਫ਼ਸਲ ਮੌਜੂਦ ਹੁੰਦੀ ਹੈ ਤਾਂ ਨੀਮਾਟੋਡ ਦੀ ਗਿਣਤੀ ਤੇਜ਼ੀ ਨਾਲ ਵਧਦੀ ਰਹਿੰਦੀ ਹੈ। ਪਰ ਫ਼ਸਲ ਨਾ ਹੋਣ ਦੀ ਸਥਿਤੀ ਵਿੱਚ ਵੀ ਇਹ ਆਂਡਿਆਂ ਦੇ ਰੂਪ ਵਿੱਚ ਮਿੱਟੀ ਵਿੱਚ ਜਿਉਂਦੇ ਰਹਿ ਸਕਦੇ ਹਨ ਤੇ ਅਗਲੀ ਫ਼ਸਲ 'ਤੇ ਹਮਲਾ ਕਰ ਸਕਦੇ ਹਨ।

### ਰੋਗ ਦੀ ਰੋਕਥਾਮ

ਰੋਗ ਰਹਿਤ ਪਨੀਰੀ-ਮਿੱਟੀ ਰਾਹੀਂ ਲੱਗਣ ਵਾਲੀਆਂ ਬਿਮਾਰੀਆਂ ਨੂੰ ਨਵੀਂ ਜ਼ਮੀਨ ਵਿੱਚ ਫੈਲਣ ਤੋਂ ਰੋਕਣ ਲਈ ਸਭ ਤੋਂ ਜ਼ਰੂਰੀ ਹੈ ਰੋਗ ਰਹਿਤ ਪਨੀਰੀ ਦੀ ਵਰਤੋਂ। ਸੁਰੱਖਿਅਤ ਢਾਂਚਿਆਂ ਦਾ ਅਨੁਕੂਲ ਵਾਤਾਵਰਨ, ਮਿੱਟੀ ਵਿੱਚ ਵਧਰੇ ਨਮੀ ਤੇ ਸੰਵੇਦਨਸ਼ੀਲ ਫ਼ਸਲਾਂ ਦੀ ਨਿਰੰਤਰ ਉਪਲਬਧਤਾ ਤੇ ਨੀਮਾਟੋਡ ਸੰਕਰਮਿਤ ਨਰਸਰੀ ਬੂਟਿਆਂ ਦੀ ਵਰਤੋਂ ਸੁਰੱਖਿਅਤ ਕਾਸ਼ਤ ਪ੍ਰਣਾਲੀ ਅਧੀਨ ਜੜ੍ਹ ਗੰਢ ਨੀਮਾਟੋਡ ਦੇ ਫੈਲਣ ਦਾ ਸਭ ਤੋਂ ਮਹੱਤਵਪੂਰਨ ਕਾਰਨ ਬਣਦੀ ਹੈ। ਇਸ ਲਈ ਜੜ੍ਹ ਗੰਢ ਰੋਗ ਰਹਿਤ ਪਨੀਰੀ ਤਿਆਰ ਕਰਨ ਲਈ ਪਨੀਰੀ ਬੀਜਣ ਲਈ ਨੀਮਾਟੋਡ ਰਹਿਤ ਜਗ੍ਹਾ ਦੀ ਵਰਤੋਂ ਕਰੋ ਜਾਂ ਪਨੀਰੀ ਵਾਲੇ ਖੇਤਾਂ ਵਿੱਚ ਸਣ ਜਾਂ ਰੋਂਦੇ ਦੀ ਹਰੀ ਖਾਦ ਦੀ ਵਰਤੋਂ ਕਰੋ, ਜਿਸ ਲਈ ਖੇਤ ਵਿੱਚ ਤੋਰੀਆ ਜਾਂ ਤਾਰਾਮੀਰਾ ਦੀ 40 ਦਿਨਾਂ ਦੀ ਫ਼ਸਲ ਬਿਜਾਈ ਤੋਂ 10 ਦਿਨ ਪਹਿਲਾਂ ਵਾਹ ਦਿਓ ਤੇ 3-4 ਵਾਰੀ ਵਾਹ ਕੇ ਪਨੀਰੀ ਬੀਜਣ ਲਈ ਕਿਆਰੀਆਂ ਬਣਾਓ। ਇਸ ਨਾਲ ਪਨੀਰੀ ਨੂੰ ਜੜ੍ਹ ਗੰਢ ਨੀਮਾਟੋਡ ਤੋਂ ਬਚਾਇਆ ਜਾ ਸਕਦਾ ਹੈ।

**ਮਿੱਟੀ ਦੀ ਸੋਧ:** ਮਿੱਟੀ ਦੀ ਸੋਧ ਲਈ ਪਨੀਰੀ ਤਿਆਰ ਕਰਨ ਵਾਲੀ ਥਾਂ ਨੂੰ ਭਰਵਾਂ ਪਾਣੀ ਲਾ ਕੇ ਪਲਾਸਟਿਕ ਦੀ ਚਾਦਰ (50 ਮਾਈਕ੍ਰੋਨ) ਨਾਲ ਢੱਕ ਕੇ ਧੁੱਪ ਲਗਾਓ। ਸੂਰਜ ਦੀ ਗਰਮੀ ਨਾਲ ਜ਼ਮੀਨ ਦੀ ਸੋਧ-ਨੈੱਟ ਜਾਂ ਪੌਲੀ ਹਾਊਸ ਦੀ ਜ਼ਮੀਨ ਨੂੰ ਚੰਗੀ ਤਰ੍ਹਾਂ ਵਾਹ ਕੇ ਭਰਵਾਂ ਪਾਣੀ ਲਾ ਦਿਓ ਤੇ 24 ਘੰਟੇ ਬਾਅਦ ਜ਼ਮੀਨ ਨੂੰ ਚੰਗੀ ਤਰ੍ਹਾਂ ਪਲਾਸਟਿਕ ਦੀ ਪਾਰਦਰਸ਼ੀ ਚਾਦਰ (50 ਮਾਈਕ੍ਰੋਨ) ਨਾਲ ਢੱਕ ਦਿਓ। ਨੈੱਟ ਹਾਊਸ ਦੇ ਢਾਂਚੇ ਨੂੰ ਬਾਹਰਲੇ ਪਾਸੇ ਤੋਂ ਵੀ ਚੰਗੀ ਤਰ੍ਹਾਂ ਪਲਾਸਟਿਕ ਦੀ ਪਾਰਦਰਸ਼ੀ ਚਾਦਰ (50 ਮਾਈਕ੍ਰੋਨ) ਨਾਲ ਢੱਕ ਦਿਓ। ਜੇ ਪੋਲੀਹਾਊਸ ਹੈ ਤਾਂ ਸਾਰੇ ਰੋਸ਼ਨਦਾਨ ਬੰਦ ਕਰਕੇ ਟੇਪ ਲਾ ਦਿਓ ਤੇ ਮਈ-ਜੂਨ ਦੇ ਮਹੀਨੇ ਵਿੱਚ ਚਾਰ ਹਫ਼ਤੇ ਬੰਦ ਰੱਖੋ। ਇਸ ਤਕਨੀਕ ਨਾਲ ਮਿੱਟੀ ਵਿੱਚ ਨੀਮਾਟੋਡ ਦੀ ਗਿਣਤੀ ਨੂੰ ਘਟਾਇਆ ਜਾ ਸਕਦਾ ਹੈ।

ਸਰ੍ਹੋਂ ਦੀ ਖਲ, ਨਿੰਮ ਤੇ ਤੂੜੀ-ਨੈੱਟ ਜਾਂ ਪੋਲੀਹਾਊਸ ਵਿੱਚ ਖੀਰੇ ਦੀ ਫ਼ਸਲ ਬੀਜਣ ਤੋਂ ਦਸ ਦਿਨ ਪਹਿਲਾਂ ਮਿੱਟੀ ਵਿੱਚ ਸਰ੍ਹੋਂ ਦੀ ਖਲ 100 ਗ੍ਰਾਮ ਪ੍ਰਤੀ ਵਰਗ-ਨਿੰਮ ਦੀ ਖਲ 100 ਗ੍ਰਾਮ ਪ੍ਰਤੀ ਵਰਗ ਤੇ ਤੂੜੀ 250 ਗ੍ਰਾਮ ਪ੍ਰਤੀ ਵਰਗ ਦੇ ਹਿਸਾਬ ਨਾਲ ਚੰਗੀ ਤਰ੍ਹਾਂ ਮਿਲਾ ਲਵੋ ਤੇ ਜ਼ਮੀਨ ਨੂੰ ਹਲਕਾ ਪਾਣੀ ਲਾ ਦੇਵੋ। ਬਾਅਦ ਵਿੱਚ ਖੀਰੇ ਦੀ ਬਿਜਾਈ ਕਰੋ। ਇਸ ਨਾਲ ਜ਼ਮੀਨ ਵਿੱਚ ਨੀਮਾਟੋਡ ਦੀ ਗਿਣਤੀ ਘਟ ਜਾਂਦੀ ਹੈ ਤੇ ਫ਼ਸਲ ਦਾ ਨੁਕਸਾਨ ਘੱਟ ਹੁੰਦਾ ਹੈ।

**ਫਲੂਪਾਇਰਮ ਦੀ ਵਰਤੋਂ:** ਨੀਮਾਟੋਡ ਰੋਗਿਤ ਪੌਲੀ/ਨੈੱਟ ਹਾਊਸ ਵਿੱਚ ਟਮਾਟਰ ਦੀ ਫ਼ਸਲ ਲਗਾਉਣ ਸਮੇਂ ਫਲੂਪਾਇਰਮ 34.48 ਐਸਸੀ (ਵੇਲਮ ਪ੍ਰਾਈਮ) 500 ਮਿ.ਲਿ. ਪ੍ਰਤੀ ਏਕੜ ਦੇ ਹਿਸਾਬ ਨਾਲ ਪਾਣੀ ਵਿੱਚ ਘੋਲ ਕੇ ਜ਼ਮੀਨ ਵਿੱਚ ਪਾਓ। (1 ਮਿ.ਲਿ. ਵੇਲਮ ਪ੍ਰਾਈਮ ਨੂੰ 10 ਲਿਟਰ ਪਾਣੀ ਵਿੱਚ ਘੋਲ ਕੇ 1 ਲਿਟਰ ਘੋਲ ਪ੍ਰਤੀ ਵਰਗ ਮੀਟਰ ਨਾਲ ਗੜੁੱਚ ਕਰੋ।

**ਨੋਟ:** ਦਵਾਈ ਪਾਉਣ ਤੋਂ ਪਹਿਲਾਂ ਜ਼ਮੀਨ ਨੂੰ ਪਾਣੀ ਲਾ ਦਿਓ ਤੇ ਵੱਤਰ ਦੀ ਹਾਲਤ ਵਿੱਚ ਹੀ ਦਵਾਈ ਪਾਓ।

### ਬਚਾਅ ਲਈ ਸਾਵਧਾਨੀਆਂ

ਨਵੇਂ ਪੌਲੀ-ਹਾਊਸ ਦੀ ਉਸਾਰੀ ਲਈ ਥਾਂ ਦੀ ਚੋਣ ਬਹੁਤ ਮਹੱਤਵਪੂਰਨ ਹੈ। ਨੈੱਟ ਜਾਂ ਪੋਲੀਨੈੱਟ ਦੀ ਉਸਾਰੀ ਲਈ ਝੋਨੇ ਜਾਂ ਕਣਕ ਵਾਲੇ ਖੇਤ ਦੀ ਚੋਣ ਕਰਨੀ ਚਾਹੀਦੀ ਹੈ। ਜਿੱਥੇ ਪਹਿਲਾਂ ਸਬਜ਼ੀਆਂ ਦੀ ਲਗਾਤਾਰ ਕਾਸ਼ਤ ਹੋ ਰਹੀ ਹੋਵੇ, ਉੱਥੇ ਨਵਾਂ ਪੋਲੀਹਾਊਸ ਬਣਾਉਣ ਤੋਂ ਬਚੋ। ਨੀਵੇਂ ਅਤੇ ਪਾਣੀ ਖੜ੍ਹਾ ਰਹਿਣ ਵਾਲੇ ਖੇਤਰਾਂ ਵਿੱਚ ਪੋਲੀਹਾਊਸ ਨਾ ਬਣਾਓ।

ਨੈੱਟ ਜਾਂ ਪੋਲੀਹਾਊਸ ਦੀ ਉਸਾਰੀ ਲਈ ਨੀਵੇਂ ਇਲਾਕਿਆਂ ਦੀ ਚੋਣ ਨਾ ਕਰੋ। ਕਿਉਂਕਿ ਨੀਵੇਂ ਇਲਾਕਿਆਂ ਵਿੱਚ ਬਰਸਾਤ ਦੇ ਮੌਸਮ ਵਿੱਚ ਆਲੇ-ਦੁਆਲੇ ਦੇ ਖੇਤਾਂ ਵਿੱਚੋਂ ਪਾਣੀ ਦੇ ਨਾਲ ਬਿਮਾਰੀ ਦੇ ਅੰਸ਼ ਵੀ ਵਹਿ ਕੇ ਨੈੱਟ ਜਾਂ ਪੋਲੀਹਾਊਸ ਵਿੱਚ ਜਮ੍ਹਾਂ ਹੋ ਜਾਂਦੇ ਹਨ। ਰੋਗਿਤ ਖੇਤਾਂ ਵਿੱਚ ਕੰਮ ਕਰਨ ਤੋਂ ਬਾਅਦ ਖੇਤੀ ਔਜ਼ਾਰਾਂ ਤੇ ਮਸ਼ੀਨਰੀ ਨੂੰ ਨੀਮਾਟੋਡ ਰਹਿਤ ਖੇਤਾਂ ਜਾਂ ਜ਼ਮੀਨ ਵਿੱਚ ਵਰਤਣ ਤੋਂ ਪਹਿਲਾਂ ਸਾਫ਼ ਕਰਨਾ ਚਾਹੀਦਾ ਹੈ। ਸਿੰਚਾਈ ਦਾ ਪਾਣੀ ਸਾਫ਼ ਹੋਣਾ ਚਾਹੀਦਾ ਹੈ ਤੇ ਸਿੰਚਾਈ ਵਾਲੇ ਪਾਣੀ ਦਾ ਵਹਾਓ ਨੀਮਾਟੋਡ ਰੋਗਿਤ ਤੋਂ ਤੰਦਰੁਸਤ ਖੇਤਰ ਵੱਲ ਨਹੀਂ ਹੋਣਾ ਚਾਹੀਦਾ। ਫ਼ਸਲ ਖ਼ਤਮ ਹੋਣ ਤੋਂ ਬਾਅਦ ਨੈੱਟ/ਪੌਲੀ ਹਾਊਸ ਵਿੱਚੋਂ ਫ਼ਸਲ ਦੀ ਰਹਿੰਦ-ਖੂੰਹਦ ਨੂੰ ਜੜ੍ਹਾਂ ਸਮੇਤ ਬਾਹਰ ਕੱਢ ਕੇ ਨਸ਼ਟ ਕਰ ਦੇਣਾ ਚਾਹੀਦਾ ਹੈ ਤਾਂ ਜੋ ਅਗਲੀ ਫ਼ਸਲ ਨੂੰ ਨੁਕਸਾਨ ਤੋਂ ਬਚਾਇਆ ਜਾ ਸਕੇ। ਰੋਗਿਤ ਬੂਟਿਆਂ ਦੀਆਂ ਜੜ੍ਹਾਂ ਵਿੱਚ ਨੀਮਾਟੋਡ ਦੇ ਲਾਰਵੇ ਤੇ ਆਂਡੇ ਹੁੰਦੇ ਹਨ।

# ਰਾਤ ਵਿੱਚ ਸੌਂਦੇ ਸਮੇਂ ਬਹੁਤ ਜ਼ਿਆਦਾ ਮੁੜ੍ਹਕਾ ਕਿਉਂ ਆਉਂਦਾ ਹੈ?



ਡਾ. ਅਰਜੁਨ ਚਾਵਲਾ, ਪਟਿਆਲਾ
ਮੋ. 92922-00008
ਡਾ. ਰਿਪੁਦਮਨ ਸਿੰਘ, ਪਟਿਆਲਾ
ਮੋ. 98152-00134

ਗਰਮੀਆਂ ਵਿੱਚ ਮੁੜ੍ਹਕਾ ਆਉਣਾ ਇੱਕ ਸਧਾਰਣ ਗੱਲ ਹੈ। ਇਹ ਇੱਕ ਪ੍ਰਕਿਰਿਆ ਹੈ ਜਿਸ ਦੀ ਮਦਦ ਨਾਲ ਸਾਡਾ ਸਰੀਰ ਆਪਣੇ-ਆਪ ਨੂੰ ਭੀਸ਼ਣ ਗਰਮੀ ਵਿੱਚ ਵੀ ਠੰਡਾ ਰੱਖਦਾ ਹੈ। ਹਾਲਾਂਕਿ ਮੁੜ੍ਹਕਾ ਆਉਣ ਦੇ ਪਿੱਛੇ ਕਈ ਹੋਰ ਵੀ ਕਾਰਨ ਹੋ ਸਕਦੇ ਹਨ ਜਿਵੇਂ ਕਿ ਹਾਰਮੋਨਲ ਬਦਲਾਵ, ਦਵਾਈਆਂ ਦਾ ਪ੍ਰਭਾਵ ਜਾਂ ਵਧਦਾ ਤਨਾਵ। ਕਦੇ-ਕਦੇ ਮੈਡੀਕਲ ਕੰਡੀਸ਼ੰਸ ਵੀ ਬਹੁਤ ਜ਼ਿਆਦਾ ਮੁੜ੍ਹਕਾ ਆਉਣ ਦਾ ਕਾਰਨ ਬਣ ਸਕਦੇ ਹਨ। ਆਮ ਕਰਕੇ ਨੋਟਿਸ ਕੀਤਾ ਹੋਵੇਗਾ ਕਿ ਕੁੱਝ ਲੋਕਾਂ ਨੂੰ ਰਾਤ ਵਿੱਚ ਸੌਂਦੇ ਸਮੇਂ ਜ਼ਿਆਦਾ ਮੁੜ੍ਹਕਾ ਆਉਂਦਾ ਹੈ। ਸਵਾਲ ਹੈ ਕਿ ਅਜਿਹਾ ਕਿਉਂ? ਇਸ ਬਾਰੇ ਵਿੱਚ ਜਾਨਣ ਲਈ ਪਟਿਆਲਾ ਦੇ ਸਦਭਾਵਨਾ ਮੈਡੀਕਲ ਤੇ ਹਾਰਟ ਇੰਸਟੀਚਿਊਟ ਦੇ ਦਿਲ ਦੇ ਮਾਹਿਰ ਡਾਕਟਰ ਸੰਮਾਨ ਵਰਮਾ ਜੀ ਨਾਲ ਗੱਲ ਕੀਤੀ। ਉਹਨਾਂ ਨੇ ਦੱਸਿਆ ਇਸ ਸਮੱਸਿਆ ਦੇ ਕਈ ਕਾਰਨ ਹੋ ਸਕਦੇ ਹਨ ਜਿਵੇਂ ਕਿ:

### ਦਵਾਈਆਂ ਦਾ ਪ੍ਰਭਾਵ

ਕਈ ਅਜਿਹੀਆਂ ਦਵਾਈਆਂ ਹੁੰਦੀਆਂ ਹਨ ਜਿਨ੍ਹਾਂ ਦੇ ਪ੍ਰਭਾਵ ਦੇ ਰੂਪ ਵਿੱਚ ਸਰੀਰ ਵਿੱਚ ਜ਼ਿਆਦਾ ਮੁੜ੍ਹਕਾ ਆਉਣ ਲੱਗਦਾ ਹੈ। ਇਹਨਾਂ ਵਿੱਚ ਖਾਸਕਰ ਐਂਟੀਡਿਪ੍ਰੇਸੈਂਟ, ਹਾਰਮੋਨ ਥੇਰੇਪੀ ਅਤੇ ਹਾਈ ਬਲਡ ਪ੍ਰੈਸ਼ਰ ਦੀਆਂ ਦਵਾਈਆਂ ਸ਼ਾਮਿਲ ਹਨ। ਜੋ ਲੋਕ ਲੰਬੇ ਸਮੇਂ ਤੋਂ ਕਿਸੇ ਦਵਾਈ ਤੇ ਨਿਰਭਰ ਹਨ ਜੇਕਰ ਅਚਾਨਕ ਉਨ੍ਹਾਂ ਦੇ ਸਰੀਰ ਵਿੱਚ ਕਿਸੇ ਤਰ੍ਹਾਂ ਦੇ ਬਦਲਾਵ ਹੋਣ ਜਾਂ ਮੁੜ੍ਹਕਾ ਜ਼ਿਆਦਾ ਆਉਣ ਲੱਗੇ ਤਾਂ ਉਨ੍ਹਾਂ ਨੂੰ ਇਸ ਸੰਬੰਧ ਵਿੱਚ ਆਪਣੇ ਡਾਕਟਰ ਨੂੰ ਸੂਚਨਾ ਦੇਣੀ ਚਾਹੀਦੀ ਹੈ।

### ਹਾਰਮੋਨਲ ਉਤਾਰ ਚੜ੍ਹਾਵ

ਰਾਤ ਵਿੱਚ ਬਹੁਤ ਜ਼ਿਆਦਾ ਮੁੜ੍ਹਕਾ ਆਉਣਾ ਹਾਰਮੋਨਲ ਉਤਾਰ ਚੜ੍ਹਾਵ ਦੇ ਕਾਰਨ ਹੋ ਸਕਦਾ ਹੈ। ਖਾਸ ਤੌਰ ਤੇ ਅਜਿਹਾ ਔਰਤਾਂ ਦੇ ਨਾਲ ਜ਼ਿਆਦਾ ਹੁੰਦਾ ਹੈ। ਪ੍ਰੀਮੈਨੋਪਾਜ, ਮੈਨੋਪਾਜ, ਗਰਭਾਵਸਥਾ ਆਦਿ ਅਜਿਹੀ ਸਥਿਤੀਆਂ ਹਨ ਜਦੋਂ ਔਰਤਾਂ ਦੇ ਸਰੀਰ ਵਿੱਚ ਕਾਫ਼ੀ ਜ਼ਿਆਦਾ ਹਾਰਮੋਨਲ ਬਦਲਾਵ ਹੁੰਦੇ ਹਨ। ਇਸ ਤਰ੍ਹਾਂ, ਪੁਰਸ਼ਾਂ ਵਿੱਚ ਘੱਟ ਟੇਸਟੋਸਟੇਰੋਨ ਵਰਗੀ ਸਥਿਤੀ ਸਰੀਰ ਦੇ ਅੰਤਰਿਕ ਥਰਮੋਸਟੇਟ ਨੂੰ ਰੁਕਿਆ ਹੋਇਆ ਕਰਦੀਆਂ ਹਨ ਜਿਸ ਦੇ ਨਾਲ ਮੁੜ੍ਹਕਾ ਜ਼ਿਆਦਾ ਆਉਣ ਲੱਗਦਾ ਹੈ।

### ਤਨਾਵ ਅਤੇ ਚਿੰਤਾ


ਤੁਹਾਨੂੰ ਜਾਣ ਕੇ ਹੈਰਾਨੀ ਤਾਂ ਹੋ ਸਕਦੀ ਹੈ ਕਿ ਤਨਾਵ ਅਤੇ ਚਿੰਤਾ ਵੀ ਰਾਤ ਨੂੰ ਸੌਂਦੇ ਸਮੇਂ ਆ ਰਹੇ ਜ਼ਿਆਦਾ ਮੁੜ੍ਹਕੇ ਦਾ ਕਾਰਨ ਬਣ ਸਕਦੇ ਹਨ। ਮਾਹਿਰਾਂ ਦੇ ਅਨੁਸਾਰ ਐਂਗਜਾਇਟੀ ਅਤੇ ਰਾਤ ਵਿੱਚ ਆ ਰਹੇ ਮੁੜ੍ਹਕੇ ਦਾ ਆਪਸ ਵਿੱਚ ਗਹਿਰਾ ਸੰਬੰਧ ਹੈ। ਹਾਲਾਂਕਿ ਇਸ ਨੂੰ ਸਪੱਸ਼ਟ ਤੌਰ 'ਤੇ ਹੁਣ ਤੱਕ ਸਮਝਿਆ ਨਹੀਂ ਗਿਆ ਲੇਕਿਨ ਐਂਗਜਾਇਟੀ ਦੀ ਵਜ੍ਹਾ ਤੋਂ ਨਰਵਸ ਸਿਸਟਮ ਐਕਟਿਵੇਟ ਹੋ ਜਾਂਦਾ ਹੈ ਯਾਨੀ ਸਰੀਰ 'ਫਾਇਟ ਅਤੇ ਫਲਾਇਟ ਮੋਡ' ਵਿੱਚ ਚੱਲਿਆ ਜਾਂਦਾ ਹੈ ਅਜਿਹੇ ਵਿੱਚ ਸਰੀਰ ਵਿੱਚ ਕੋਰਟਿਸੋਲ ਅਤੇ ਏਡਰੇਨਲੀਨ ਹਾਰਮੋਨ ਦਾ ਰਿਸਾਵ ਵੱਧ ਜਾਂਦਾ ਹੈ ਜਿਸ ਦੇ ਨਾਲ ਹਾਰਟ ਰੇਟ ਵੱਧ ਜਾਂਦਾ ਹੈ ਅਤੇ ਸਰੀਰ ਵਿੱਚ ਮੁੜ੍ਹਕਾ ਆਉਣ ਲੱਗਦਾ ਹੈ।

### ਸਲੀਪ ਏਪਨਿਆ

ਸਲੀਪ ਏਪਨਿਆ ਇੱਕ ਅਜਿਹੀ ਕੰਡੀਸ਼ਨ ਹੈ ਜਿਸ ਵਿੱਚ ਵਿਅਕਤੀ ਚੰਗੀ ਅਤੇ ਡੂੰਘੀ ਨੀਂਦ ਨਹੀਂ ਲੈ ਪਾਉਂਦਾ। ਇਹ ਇੱਕ ਤਰ੍ਹਾਂ ਦਾ ਸਲੀਪਿੰਗ ਡਿਸਆਰਡਰ ਹੈ, ਜਿਸ ਵਿੱਚ ਸੌਂਦੇ ਹੋਏ ਵਿਅਕਤੀ ਨੂੰ ਵਾਰ-ਵਾਰ ਸਾਹ ਲੈਣ ਵਿੱਚ ਤਕਲੀਫ਼ ਹੋਣ ਲੱਗਦੀ ਹੈ ਜੋ ਕਿ ਉਸ ਦੀ ਨੀਂਦ ਵਿੱਚ ਅੜਚਨ ਪਾਉਂਦਾ ਹੈ। ਮਾਹਿਰਾਂ ਦੀਆਂ ਮੰਨੀਏ ਤਾਂ ਰਾਤ ਨੂੰ ਸੌਂਦੇ ਸਮੇਂ ਸਾਹ ਲੈਣ ਵਿੱਚ ਤਕਲੀਫ਼ ਹੋਣ ਨਾਲ ਆਕਸੀਜਨ ਸਪਲਾਈ ਰੁਕਿਆ ਹੋਇਆ ਮਹਿਸੂਸ ਕਰਦੀ ਹੈ, ਜੋ ਰਾਤ ਨੂੰ ਮੁੜ੍ਹਕਾ ਆਉਣ ਦਾ ਕਾਰਨ ਬਣਦੀ ਹੈ।

ਉਂਜ ਤਾਂ ਮੁੜ੍ਹਕਾ ਆਉਣਾ ਸਰੀਰ ਦੀ ਇੱਕ ਸਧਾਰਣ ਪ੍ਰਕਿਰਿਆ ਹੈ, ਜੇਕਰ ਕਿਸੇ ਨੂੰ ਬਹੁਤ ਜ਼ਿਆਦਾ ਮੁੜ੍ਹਕਾ ਆਉਂਦਾ ਹੈ ਤਾਂ ਉਨ੍ਹਾਂ ਨੂੰ ਇਸ ਸੰਬੰਧ ਵਿੱਚ ਜਾਗਰੂਕ ਰਹਿਣਾ ਚਾਹੀਦਾ ਹੈ। ਅਜਿਹਾ ਕਿਉਂ ਹੋ ਰਿਹਾ ਹੈ ਕਾਰਣ ਜਾਣ ਕੇ ਸਮੱਸਿਆ ਦਾ ਸਮਾਧਾਨ ਕਰਨਾ ਚਾਹੀਦਾ ਹੈ। ਜੇਕਰ ਦਵਾਈ ਦੇ ਪ੍ਰਭਾਵ ਦੀ ਵਜ੍ਹਾ ਕਾਰਣ ਅਜਿਹਾ ਹੋ ਰਿਹਾ ਹੈ ਤਾਂ ਬਿਹਤਰ ਹੈ ਕਿ ਡਾਕਟਰ ਨਾਲ ਮਿਲ ਕੇ ਆਪਣੀ ਸਮੱਸਿਆ ਦੱਸੀ ਜਾਵੇ ਅਤੇ ਯੋਗ ਸਮਾਧਾਨ ਲੱਭਿਆ ਜਾਵੇ ਵਰਨਾ ਲੈਣ ਦੇ ਦੇਣ ਨਾ ਪੈ ਜਾਣ, ਸੁਚੇਤ ਰਹੋ।

# ਘਰ ਵਿੱਚ ਸੰਧੂਰੀ ਅੰਬੀਆਂ



ਡਾ. ਰਣਜੀਤ ਸਿੰਘ

ਕਦੇ ਸਮਾਂ ਸੀ ਜਦੋਂ ਇਹ ਲੋਕ ਬੋਲੀ ਆਮ ਸੁਣੀ ਜਾਂਦੀ ਸੀ, ''ਅੰਬੀਆਂ ਨੂੰ ਤਰਸੇਂਗੀ ਜਦੋਂ ਛੱਡਿਆ ਦੇਸ਼ ਦੁਆਬਾ'' ਪਰ ਹੁਣ ਦੁਆਬੀਏ ਆਪ ਅੰਬੀਆਂ ਨੂੰ ਤਰਸ ਰਹੇ ਹਨ। ਸਹਾਰਨਪੁਰ ਤੋਂ ਲੈ ਕੇ ਗੁਰਦਾਸਪੁਰ ਤੱਕ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਨਾਲੋਂ-ਨਾਲ ਅੰਬਾਂ ਦੇ ਬਗੀਚੇ ਸਨ। ਇਸ ਤੋਂ ਬਗੈਰ ਸ਼ਾਇਦ ਹੀ ਕੋਈ ਕਿਸਾਨੀ ਪਰਿਵਾਰ ਅਜਿਹਾ ਹੋਵੇਗਾ ਜਿਸ ਦੇ ਖੇਤ ਵਿੱਚ ਜਾਂ ਹਵੇਲੀ ਅੰਬਾਂ ਦਾ ਕੋਈ ਬੂਟਾ ਨਾ ਹੋਵੇ। ਅੰਬਾਲਾ ਦਾ ਤਾਂ ਨਾਮ ਹੀ ਅੰਬਾਂ ਕਰਕੇ ਪਿਆ ਹੈ। ਮੋਰਿੰਡਾ ਹਲਕੇ ਨੂੰ ਬਾਗਾਂਵਾਲਾ ਵੀ ਆਖਿਆ ਜਾਂਦਾ ਸੀ ਕਿਉਂਕਿ ਇਸ ਹਲਕੇ ਵਿੱਚ ਅੰਬਾਂ ਦੇ ਬਹੁਤ ਬਾਗ ਸਨ। ਹੁਸ਼ਿਆਰਪੁਰ ਤਾਂ ਅੰਬਾਂ ਦਾ ਘਰ ਸੀ। ਗੜ੍ਹਸ਼ੰਕਰ ਤੋਂ ਹੁਸ਼ਿਆਰਪੁਰ ਸੜਕ ਅਤੇ ਹੁਸ਼ਿਆਰਪੁਰ ਤੋਂ ਦਸੂਹਾ ਸੜਕ ਉੱਤੇ ਅੰਬਾਂ ਦੇ ਬਗੀਚੇ ਸਨ। ਅੰਬਾਂ ਦੇ ਬੂਟਿਆਂ ਦੀ ਕਟਾਈ ਉਦੋਂ ਹੋਈ ਜਦੋਂ ਪੰਜਾਬ ਵਿੱਚ ਮੁਰੱਬੇਬੰਦੀ ਹੋਈ। ਮੁਰੱਬੇਬੰਦੀ ਨਾਲ ਕਿਸਾਨਾਂ ਦੀ ਕਈ ਟੁਕੜਿਆਂ ਵਿੱਚ ਖਿਲਰੀ ਧਰਤੀ ਇੱਕ ਥਾਂ ਹੋ ਗਈ ਜਿੱਥੇ ਉਹ ਖੂਹ ਲਗਵਾ ਸਕਦੇ ਸਨ। ਸੜਕਾਂ ਸਿੱਧੀਆਂ ਹੋ ਗਈਆਂ। ਸਕੂਲ ਤੇ ਹੋਰ ਸਾਂਝੇ ਕਾਰਜਾਂ ਲਈ ਸਾਮਲਾਟਾਂ ਛੱਡੀਆਂ ਗਈਆਂ ਪਰ ਇਸ ਨਾਲ ਰੁੱਖਾਂ ਦੀ ਕਟਾਈ ਵੀ ਹੋਈ। ਜਦੋਂ ਕਿਸਾਨਾਂ ਦੀਆਂ ਜ਼ਮੀਨਾਂ ਦੀ ਅਦਲਾ-ਬਦਲੀ ਹੋਈ ਤਾਂ ਉਨ੍ਹਾਂ ਨੇ ਆਪਣੇ ਖੇਤਾਂ ਵਿੱਚੋਂ ਰੁੱਖਾਂ ਨੂੰ ਕੱਟ ਲਿਆ। ਜੇਕਰ ਧਰਤੀ ਦੀ ਅਦਲਾ-ਬਦਲੀ ਦੇ ਨਾਲੋਂ-ਨਾਲ ਰੁੱਖਾਂ ਦੀ ਵੀ ਅਦਲਾ-ਬਦਲੀ ਹੋ ਜਾਂਦੀ ਤਾਂ ਸ਼ਾਇਦ ਰੁੱਖ ਬਚ ਸਕਦੇ ਸਨ। ਡਾ. ਮਹਿੰਦਰ ਸਿੰਘ ਰੰਧਾਵਾ ਜਿਨ੍ਹਾਂ ਦੀ ਦੇਖ-ਰੇਖ ਵਿੱਚ ਮੁਰੱਬੇਬੰਦੀ ਹੋਈ ਉਹ ਰੁੱਖਾਂ ਵਿਸ਼ੇਸ਼ ਕਰਕੇ ਅੰਬਾਂ ਦੇ ਰਖਵਾਲੇ ਸਮਝੇ ਜਾਂਦੇ ਹਨ। ਪਤਾ ਨਹੀਂ ਉਦੋਂ ਉਨ੍ਹਾਂ ਨੂੰ ਰੁੱਖਾਂ ਦੀ ਕਟਾਈ ਉਤੇ ਰੋਕ ਲਗਾਉਣ ਬਾਰੇ ਵਿਚਾਰ ਕਿਉਂ ਨਹੀਂ ਆਇਆ।

ਦੂਜੀ ਕਟਾਈ ਪੰਜਾਬ ਵਿੱਚ ਹਰਾ ਇਨਕਲਾਬ ਆਉਣ ਸਮੇਂ ਹੋਈ। ਪਿੰਡਾਂ ਵਿੱਚ ਬਿਜਲੀ ਆਈ ਤੇ ਕਿਸਾਨਾਂ ਨੇ ਟਿਊਬਵੈੱਲ ਲਗਾ ਲਏ। ਸਿੰਚਾਈ ਸਹੂਲਤਾਂ ਵਿੱਚ ਵਾਧਾ ਹੋਇਆ ਅਤੇ ਸਾਰੀ ਧਰਤੀ ਦੋ ਫ਼ਸਲੀ ਹੋਈ। ਪਹਿਲਾਂ ਸਾਉਣੀ ਵਿੱਚ ਬਹੁਤ ਘੱਟ ਰਕਬੇ ਉੱਤੇ ਖੇਤੀ ਹੁੰਦੀ ਸੀ। ਕਣਕ ਅਤੇ ਝੋਨੇ ਦੀਆਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਨੇ ਝਾੜ ਵਿੱਚ ਵਾਧਾ ਕੀਤਾ ਜਿਸ ਨਾਲ ਕਿਸਾਨ ਦੀ ਆਮਦਨ ਵਿੱਚ ਵਾਧਾ ਹੋਇਆ। ਬਾਗਾਂ ਵਿੱਚ ਉੱਤਨੀ ਆਮਦਨ ਨਹੀਂ ਸੀ ਹੁੰਦੀ। ਇੰਝ ਬਾਗਾਂ ਦੀ ਕਟਾਈ ਹੋਣ ਲੱਗ ਪਈ ਤੇ ਧਰਤੀ ਵਾਹੀ ਬੀਜੀ ਹੇਠ ਆ ਗਈ। ਕੇਵਲ ਅੰਬਾਂ ਦੇ ਰੁੱਖ ਹੀ ਖ਼ਤਮ ਨਹੀਂ ਹੋਏ ਸਗੋਂ ਪਿੰਡਾਂ ਦੀਆਂ ਝਿੜੀਆਂ ਵੀ ਗਾਇਬ ਹੋ ਗਈਆਂ।

ਮੇਰਾ ਪਿੰਡ ਨਵਾਂਸ਼ਹਿਰ ਤਹਿਸੀਲ ਦਾ ਆਖਰੀ ਪਿੰਡ ਹੈ। ਹੁਸ਼ਿਆਰਪੁਰ ਦੇ ਇਲਾਕੇ ਨੂੰ ਸੀਰੋਵਾਲ ਆਖਿਆ ਜਾਂਦਾ ਸੀ ਤੇ ਸਾਨੂੰ ਢੱਕੀਏ ਆਖਦੇ ਸਨ। ਹੁਸ਼ਿਆਰਪੁਰ ਵਿੱਚ ਚੋਅ ਬਹੁਤ ਸਨ। ਉਨ੍ਹਾਂ ਵਿੱਚੋਂ ਪਾਣੀ ਦੀਆਂ ਸੀਰਾਂ ਫੁਟਦੀਆਂ ਰਹਿੰਦੀਆਂ ਸਨ। ਅਸੀਂ ਜਦੋਂ ਨਾਨਕੇ ਜਾਂਦੇ ਸਾਂ ਤਾਂ ਜੇਕਰ ਪਿਆਸ ਲੱਗਦੀ ਚੋ-ਵਿੱਚ ਟੋਆ ਪੁੱਟ ਲੈਣਾ ਤੇ ਪਾਣੀ ਪੀ ਲੈਣਾ। ਸਾਡੇ ਪਿੰਡਾਂ ਵਿੱਚ ਢੱਕ ਬਹੁਤ ਹੁੰਦਾ ਸੀ। ਲਾਲ ਸੂਹੇ ਫੁੱਲ ਇੰਝ ਲੱਗਦੇ ਸਨ ਜਿਵੇਂ ਕਿਤੇ ਅੱਗ ਲੱਗੀ ਹੋਵੇ। ਹੁਣ ਹੁਸ਼ਿਆਰਪੁਰ ਵਿੱਚ ਅੰਬਾਂ ਦੇ ਬੂਟੇ ਤੇ ਸਾਡੇ ਪਿੰਡਾਂ ਵਿੱਚ ਢੱਕ ਦੇ ਰੁੱਖ ਬਹੁਤ ਘੱਟ ਨਜ਼ਰ ਆਉਂਦੇ ਸਨ। ਮੇਰੇ ਅਤੇ ਮੇਰੇ ਮਾਤਾ ਜੀ ਦੇ ਨਾਨਕੇ ਮਾਹਿਲਪੁਰ ਤਹਿਸੀਲ



ਵਿੱਚ ਹੁੰਦੇ ਸਨ। ਜਦੋਂ ਅੰਬੀਆਂ ਪੈ ਜਾਣੀਆਂ ਤਾਂ ਹੁਸ਼ਿਆਰਪੁਰੀਏ ਤੌੜੀਆਂ ਮੁੱਧੀਆਂ ਮਾਰ ਦਿੰਦੇ ਸਨ। ਭਾਵ ਰੋਟੀ ਅੰਬਾਂ ਤੋਂ ਬਣੀ ਚੱਟਨੀ, ਛੱਛਾ ਤੇ ਹੋਰ ਕਈ ਕੁੱਝ ਬਣਾ ਕੇ ਖਾ ਲੈਂਦੇ ਸਨ। ਜਦੋਂ ਪਤਾ ਲੱਗਣਾ ਹੈ ਕਿ ਟਪਕਾ ਪੈ ਗਿਆ ਹੈ ਭਾਵ ਅੰਬ ਪੱਕ ਕੇ ਡਿਗਣ ਲੱਗ ਪਏ ਹਨ ਤਾਂ ਅਸੀਂ ਅੰਬ ਲੈਣ ਜਾਂਦੇ ਸਾਂ। ਸਾਡੇ ਘਰ ਸਾਈਕਲ ਸੀ, ਉਦੋਂ ਸਾਰੇ ਪਿੰਡ ਵਿੱਚ ਮਸਾਂ ਇੱਕ ਦੋ ਸਾਈਕਲ ਹੀ ਹੁੰਦੇ ਸਨ। ਮੇਰੇ ਪਿਤਾ ਜੀ ਸਰਕਾਰੀ ਠੇਕੇਦਾਰ ਸਨ। ਪਹਿਲਾਂ ਪਾਕਿਸਤਾਨ ਤੇ ਮੁੜ ਇਸ ਪਾਸੇ ਨਹਿਰਾਂ ਪੁਟਵਾਂਦੇ ਸਨ। ਪਿੰਡਾਂ ਦੇ ਕੱਚੇ ਰਾਹ ਉੱਤੋਂ ਦੀ ਸੈਲੇ ਪਹੁੰਚ ਜਾਣਾ। ਇਹ ਮਾਹਿਲਪੁਰ ਦੇ ਗੜ੍ਹਸ਼ੰਕਰ ਵਿਚਕਾਰ ਇੱਕ ਬਹੁਤ ਹੀ ਛੋਟਾ ਜਿਹਾ ਕਸਬਾ ਸੀ। ਇੱਥੇ ਅੰਬਾਂ ਦੇ ਕਈ ਬਾਗ ਸਨ। ਅਸੀਂ ਹਰ ਸਾਲ ਇਕੋ ਬਾਗ ਵਿੱਚ ਜਾਂਦੇ ਸਾਂ, ਬਾਗ ਦੇ ਮਾਲਕ ਨੇ ਸਾਡੇ ਬੈਠਣ ਲਈ ਮੰਜਾ ਢਾਹ ਦੇਣਾ ਤੇ ਘੜੇ ਦਾ ਪਾਣੀ ਪਿਲਾਉਣਾ। ਫਿਰ ਉਸ ਪਾਣੀ ਤੇ ਅੰਬਾਂ ਦੀ ਭਰੀ ਬਾਲਟੀ ਸਾਡੇ ਅੱਗੇ ਰੱਖ ਦੇਣੀ ਤੇ ਆਖਣਾ ਵੇਖੋ ਕਿਹੜੇ ਬੂਟੇ ਦੇ ਅੰਬ ਦੇਵਾਂ। ਅਸੀਂ ਦਸ ਬਾਰਾਂ ਅੰਬ ਚੁਪ ਕੇ ਜਿਹੜੇ ਸਾਨੂੰ ਜ਼ਿਆਦਾ ਮਿੱਠੇ ਲੱਗਣੇ ਉਨ੍ਹਾਂ ਦੇ ਰੁੱਖਾਂ ਦੇ ਅੰਬਾਂ ਬਾਰੇ ਦਸ ਦੇਣਾ। ਉਸ ਪੁਛਣਾ ਕਿਤਨੇ ਕੁ ਅੰਬ ਚਾਹੀਦੇ ਹਨ। ਪਿਤਾ ਜੀ ਨੇ ਆਖਣਾ ਇੱਕ ਪੰਸੇਰੀ ਤਾਂ ਲਵਾਂਗੇ ਹੀ। ਉਸ ਆਖਣਾ ਸਰਦਾਰ ਜੀ ਇਤਨੀ ਦੂਰੋਂ ਆਏ ਹੋ ਘੱਟੋ-ਘੱਟ ਦੋ ਪੰਸੇਰੀਆਂ (ਦਸ ਸੇਰ) ਲੈ ਕੇ ਜਾਵੋ। ਉਦੋਂ ਦੋ ਪੰਸੇਰੀਆਂ ਦੀ ਕੀਮਤ ਵੱਧ ਤੋਂ ਵੱਧ ਇੱਕ ਰੁਪਿਆ ਹੁੰਦੀ ਸੀ। ਅੰਬ ਤੋੜਣ ਦਾ ਵੀ ਵੱਖਰਾ ਢੰਗ ਸੀ। ਇੱਕ ਲੰਬੇ ਬਾਂਸ ਦੇ ਸਿਰੇ ਕੁੰਡੀ ਲੱਗੀ ਹੁੰਦੀ ਸੀ ਤੇ ਨਾਲ ਹੀ ਛਿਕੱਲੀ ਬੰਨ੍ਹੀ ਹੁੰਦੀ ਸੀ। ਕੁੰਡੀ ਨਾਲ ਅੰਬ ਟੁਟ ਕੇ ਛਿਕਲੀ ਵਿੱਚ ਡਿੱਗ ਪੈਂਦਾ ਸੀ। ਇੰਝ ਉਸ ਇੱਕ-ਇੱਕ ਕਰਕੇ ਦੋ ਪੰਸੇਰੀ ਅੰਬ ਤੋੜ ਦੇਣੇ। ਜੇਕਰ ਕੁੱਝ ਵੱਧ ਟੁੱਟ ਜਾਣੇ ਤਾਂ ਉਹ ਵੀ ਨਾਲ ਹੀ ਪਾ ਦੇਣੇ। ਵਾਪਸੀ ਤੇ ਮੈਨੂੰ ਅੱਗੇ ਡੰਡੇ ਤੇ ਬੈਠਣਾ ਪੈਂਦਾ ਸੀ। ਕੱਚੇ ਰਾਹਾਂ ਨੂੰ ਝੱਟਕੇ ਤੇ ਸੋਚਣਾ ਛੇਤੀ ਘਰ ਪਹੁੰਚੀਏ। ਘਰ ਅਸੀਂ ਚਾਰ ਹੀ ਜੀ ਸਾਂ। ਮੈਂ, ਪਿਤਾ ਜੀ, ਮਾਤਾ ਜੀ ਤੇ ਦਾਦੀ ਜੀ। ਕੁੱਝ ਅੰਬ ਗੁਆਂਢੀਆਂ ਨੂੰ ਦਾਦੀ ਨੇ ਦੇ ਕੇ ਆਉਣੇ।

ਹੁਣ ਨਾਨਕਿਆਂ ਦੇ ਅੰਬਾਂ ਦਾ ਨਜ਼ਾਰਾ ਸੁਣੋ। ਮੇਰੇ ਮਾਤਾ ਜੀ ਦੇ ਨਾਨਕੇ ਮਹਿਲਪੁਰ ਦੇ ਨਾਲ ਲੱਗਦੇ ਪਿੰਡ ਵਿੱਚ ਸਨ। ਉਨ੍ਹਾਂ ਦੇ ਮਾਮੇ ਦਾ ਪੁੱਤਰ ਜਿਹੜਾ ਮਾਮਾ ਲੱਗਦਾ ਸੀ ਬਹੁਤ ਵਧੀਆ ਸਾਰੰਗੀ ਵਾਦਕ ਸੀ। ਜੇ ਮੈਂ ਗਲਤ ਨਹੀਂ ਤਾਂ ਉਹ ਦਿਲਬਰ ਦੇ ਢਾਂਡੀ ਜੱਥੇ ਵਿੱਚ ਸੀ ਜਿਸ ਦੀ ਉਸ ਵੇਲੇ ਬਹੁਤ ਪ੍ਰਸਿੱਧੀ ਸੀ। ਜਦੋਂ ਉਸ ਨੂੰ ਸਾਡੇ ਪਿੰਡ ਦਾ ਕੋਈ ਬੰਦਾ ਟੱਕਰ ਜਾਂਦਾ ਤਾਂ ਉਸ ਸੁਨੇਹਾ ਭੇਜ ਦੇਣਾ ਬੀਬੀ ਨੂੰ ਆਖਿਓ ਟਪਕਾ ਪੈ ਗਿਆ, ਰਣਜੀਤ ਨੂੰ ਨਾਲ ਲੈ ਕੇ ਆ ਜਾਵੇ। ਪਿਤਾ ਜੀ ਨੇ ਸਾਨੂੰ ਗੜ੍ਹਸ਼ੰਕਰ ਤੋਂ ਬੱਸ ਵਿੱਚ ਬਿਠਾ ਦੇਣਾ ਉਦੋਂ ਤਾਂ ਗੜ੍ਹਸ਼ੰਕਰ ਵੀ ਬਹੁਤ ਛੋਟਾ ਜਿਹਾ ਕਸਬਾ ਸੀ। ਮਾਹਿਲਪੁਰ ਉਤਰ ਕੇ ਪੈਦਲ ਹੀ ਘਰ ਪਹੁੰਚ ਜਾਣਾ। ਉਦੋਂ ਸਾਰੇ ਕੋਠਿਆਂ ਉੱਤੇ ਹੀ ਸੌਂਦੇ ਸਨ। ਸ਼ਾਮ ਨੂੰ ਕੋਠੇ ਉਤੇ ਮੰਜੇ ਡਾਹ ਦੇਣੇ। ਠੰਡੇ ਪਾਣੀ ਦੀ ਖੂਹੀ ਤੋਂ ਬਾਲਟੀ ਭਰ ਕੇ ਲਿਆਉਣੀ ਤੇ ਉਸ ਵਿੱਚ ਅੰਬ ਪਾ ਦੇਣੇ। ਮੰਜਿਆਂ ਤੇ ਬੈਠ ਅੰਬ ਚੂਪਦੇ। ਹੌਲੀ-ਹੌਲੀ ਚੰਨ ਦੀ ਚਾਨਣੀ ਹੋ ਜਾਣੀ। ਸਾਹਮਣੇ ਸ਼ਿਵਾਲਿਕ ਦੀਆਂ ਪਹਾੜੀਆਂ ਦਾ ਨਜ਼ਾਰਾ ਜੇਕਰ ਹਵਾ ਚੱਲ ਪੈਣੀ ਫਿਰ ਤਾਂ ਸਵਰਗ ਹੀ ਜਾਪਣਾ। ਮੈਂ ਆਖਣਾ ਮਾਮਾ ਜੀ ਕੋਈ ਰਾਗ ਛੇੜੋ। ਉਨ੍ਹਾਂ ਸਰੰਗੀ ਵਿੱਚੋਂ ਅਜਿਹੀਆਂ ਸੁਰਾਂ ਕੱਢਣੀਆਂ ਇੰਝ ਜਾਪਦਾ ਜਿਵੇਂ ਸਮਾਂ ਰੁਕ ਗਿਆ ਹੋਵੇ। ਹੁਣ ਤਾਂ ਯਾਦਾਂ ਹੀ ਰਹਿ ਗਈਆਂ ਹਨ। ਗਰਮੀਆਂ ਦੀਆਂ ਛੁੱਟੀਆਂ ਵਿੱਚ ਨਾਨਕੇ ਵੀ ਜਾਣਾ। ਉਨ੍ਹਾਂ ਦੇ ਦੋ ਬੂਟੇ ਸਨ। ਇੱਕ ਸਮੇਂ ਸਿਰ ਪੱਕਦਾ ਸੀ ਦੂਜਾ ਭਦਵਾੜੀ ਜਿਹੜਾ ਭਾਦੋਂ ਦੇ ਮਹੀਨੇ ਪੱਕਦਾ ਸੀ। ਇੰਝ ਅੰਬਾਂ ਦਾ ਅਨੰਦ ਕਈ ਦਿਨ ਚੱਲਦਾ ਰਹਿੰਦਾ ਸੀ।

ਡਾ. ਮਹਿੰਦਰ ਸਿੰਘ ਰੰਧਾਵਾ ਜਦੋਂ ਪੰਜਾਬੀ ਐਗਰੀਕਲਚਰ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸਨ ਤਾਂ ਉਨ੍ਹਾਂ ਅਲੋਪ ਹੋ ਰਹੇ ਚੂਪਣ ਵਾਲੇ ਅੰਬਾਂ ਨੂੰ ਸੰਭਾਲਣ ਦਾ ਯਤਨ ਕੀਤਾ। ਉਨ੍ਹਾਂ ਦਾ ਆਪਣਾ ਪਿੰਡ ਹੁਸ਼ਿਆਰਪੁਰ ਵਿੱਚ ਅੰਬਾਂ ਦਾ ਘਰ ਸੀ। ਉਨ੍ਹਾਂ ਗੰਗੀਆਂ ਪਿੰਡ ਵਿੱਚ ਚੂੰਪਣ ਵਾਲੇ ਅੰਬਾਂ ਦਾ ਖੋਜ ਕੇਂਦਰ ਸਥਾਪਿਤ ਕੀਤਾ। ਸਾਡੇ ਪੰਜਾਬ ਵਿੱਚੋਂ ਉਨ੍ਹੀਂ (19) ਕਿਸਮਾਂ ਨੂੰ ਇਕੱਠਿਆਂ ਕੀਤਾ। ਇਨ੍ਹਾਂ ਵਿੱਚੋਂ ਅੱਗੇ ਖੋਜ ਕਰਕੇ ਸਭ ਕਿਸਮਾਂ ਲਗਾਉਣ ਦੀ ਸਿਫ਼ਾਰਸ਼ ਕੀਤੀ। ਜਿੰਨ੍ਹ ਵਿੱਚ ਸਭ ਤੋਂ ਵਧੀਆ ਕਿਸਮ ਸੰਧੂਰੀ ਹੈ। ਸੰਧੂਰੀ ਕਿਸਮ ਦਾ ਚਰਚਾ ਤਾਂ ਮੁਟਿਆਰਾਂ ਆਪਣੇ ਵਿਗੜੇ ਪਤੀ ਨੂੰ ਸਮਝਾਉਣ ਲਈ ਵੀ ਕਰਦੀਆਂ ਹਨ।

ਕਾਹਨੂੰ ਚੂਪਦਾ ਚਰ੍ਹੀ ਦੇ ਟਾਂਡੇ
ਘਰ ਵਿੱਚ ਸੰਧੂਰੀ ਅੰਬੀਆਂ।


# ਸਾਉਣੀ ਰੁੱਤ ਦੀ ਮੱਕੀ ਅਤੇ ਦਾਲਾਂ ਤੋਂ ਵਧੇਰੇ ਝਾੜ ਲੈਣ ਲਈ ਨਦੀਨਾਂ ਦੀ ਸੁਚੱਜੀ ਰੋਕਥਾਮ ਕਰੋ

ਅਮਨਦੀਪ ਕੌਰ ਅਤੇ ਸਿਮਰਜੀਤ ਕੌਰ,
ਫਾਰਮ ਸਲਾਹਕਾਰ ਸੇਵਾ ਕੇਂਦਰ, ਬਰਨਾਲਾ

ਜੇਕਰ ਨਦੀਨ ਸਹੀ ਸਮੇਂ ਕਾਬੂ ਨਾ ਕੀਤੇ ਜਾਣ ਤਾਂ ਕਈ ਵਾਰੀ ਫ਼ਸਲ ਪੂਰੀ ਤਰ੍ਹਾਂ ਬਰਬਾਦ ਹੋ ਜਾਂਦੀ ਹੈ। ਨਦੀਨ ਖੁਰਾਕੀ ਤੱਤਾਂ, ਪਾਣੀ, ਜਗ੍ਹਾ ਅਤੇ ਸੁਚੱਜੀ ਰੋਸ਼ਨੀ ਲਈ ਮੁਕਾਬਲਾ ਕਰਦੇ ਹਨ, ਇਸ ਲਈ ਫ਼ਸਲਾਂ ਦਾ ਪੂਰਾ ਝਾੜ ਲੈਣ ਲਈ ਇਹਨਾਂ ਬੇਲੋੜੇ ਪੌਦਿਆਂ ਦੀ ਸਹੀ ਸਮੇਂ ਤੇ ਰੋਕਥਾਮ ਬਹੁਤ ਜ਼ਰੂਰੀ ਹੈ।

**ਮੱਕੀ** : ਮੱਕੀ ਵਿੱਚ ਇੱਟਸਿਟ ਅਤੇ ਘਾਹ ਵਾਲੇ ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ 10 ਦਿਨ ਦੇ ਅੰਦਰ 800 ਗ੍ਰਾਮ ਪ੍ਰਤੀ ਏਕੜ ਐਟਰਾਜ਼ੀਨ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਅਤੇ 500 ਗ੍ਰਾਮ ਪ੍ਰਤੀ ਏਕੜ ਹਲਕੀਆਂ ਜ਼ਮੀਨਾਂ ਵਿੱਚ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। ਜਾਂ 105 ਮਿਲੀਲਿਟਰ ਪ੍ਰਤੀ ਏਕੜ ਲੋਡਿਸ 420 ਐਸ ਸੀ (ਟੈਂਬੋਟਰਾਇਨ) ਦਾ ਛਿੜਕਾਅ 150 ਲਿਟਰ ਪਾਣੀ ਵਿੱਚ ਘੋਲ ਕੇ ਬਿਜਾਈ ਤੋਂ 20 ਦਿਨ ਬਾਅਦ ਕਰੋ। ਡੀਲੇ ਮੋਥੇ ਦੀ ਰੋਕਥਾਮ ਲਈ 400 ਮਿਲੀਲਿਟਰ ਪ੍ਰਤੀ ਏਕੜ 2, 4-ਡੀ ਅਮਾਈਨ ਸਾਲਟ 58 ਐਸ ਐਲ ਬਿਜਾਈ ਤੋਂ 20-25 ਦਿਨਾਂ ਬਾਅਦ 150 ਲਿਟਰ ਪਾਣੀ ਵਿੱਚ ਘੋਲ ਕੇ ਕਰੋ।

**ਮੂੰਗੀ ਅਤੇ ਮਾਂਹ** : ਮੂੰਗੀ ਅਤੇ ਮਾਂਹ ਵਿੱਚ ਘਾਹ, ਚੌੜੀ ਪੱਤੀ ਵਾਲੇ ਨਦੀਨ ਅਤੇ ਮੋਥੇ ਦੀ ਰੋਕਥਾਮ ਲਈ 300 ਮਿਲੀਲਿਟਰ ਪ੍ਰਤੀ ਏਕੜ



ਇਮੇਜ਼ਥਾਪਾਇਰ 10 ਐਸ ਐਲ ਨੂੰ 150 ਲਿਟਰ ਪਾਣੀ ਵਿੱਚ ਘੋਲ ਕੇ ਬਿਜਾਈ ਤੋਂ 15-20 ਦਿਨਾਂ ਤੇ ਛਿੜਕਾਅ ਕਰੋ।

**ਅਰਹਰ** : ਅਰਹਰ ਵਿੱਚ ਨਦੀਨਾਂ ਦੀ ਰੋਕਥਾਮ ਲਈ ਪਹਿਲੀ ਗੋਡੀ ਬਿਜਾਈ ਤੋਂ 3 ਹਫ਼ਤੇ ਅਤੇ ਦੂਸਰੀ 6 ਹਫ਼ਤੇ ਬਾਅਦ ਕਰੋ ਜਾਂ ਬਿਜਾਈ ਦੇ 2 ਦਿਨਾਂ ਦੇ ਅੰਦਰ ਪੈਂਡੀਮੈਥਾਲਿਨ 30 ਈ ਸੀ 1.0 ਲਿਟਰ ਪ੍ਰਤੀ ਏਕੜ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ ਜਾਂ 600 ਮਿਲੀਲਿਟਰ ਪੈਂਡੀਮੈਥਾਲਿਨ ਦਾ ਬਿਜਾਈ ਉਪਰੰਤ ਛਿੜਕਾਅ ਕਰਕੇ ਬਿਜਾਈ ਤੋਂ 6-7 ਹਫ਼ਤਿਆਂ ਪਿੱਛੋਂ ਇੱਕ ਗੋਡੀ ਕਰੋ।

**ਸੋਇਆਬੀਨ** : ਸੋਇਆਬੀਨ ਵਿੱਚ ਨਦੀਨਾਂ ਦੀ ਰੋਕਥਾਮ ਲਈ ਦੋ ਗੋਡੀਆਂ ਬਿਜਾਈ ਤੋਂ 20 ਅਤੇ 40 ਦਿਨਾਂ ਬਾਅਦ ਕਰੋ ਜਾਂ ਪੈਂਡੀਮੈਥਾਲ 30 ਈ ਸੀ 600 ਮਿਲੀਲਿਟਰ ਪ੍ਰਤੀ ਏਕੜ ਨੂੰ ਬਿਜਾਈ ਤੋਂ 2 ਦਿਨ ਦੇ ਅੰਦਰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ ਅਤੇ ਜੇ ਲੋੜ ਪਵੇ ਤਾਂ 40 ਦਿਨਾਂ ਬਾਅਦ ਇੱਕ ਗੋਡੀ ਕਰ ਦਿਓ ਜਾਂ ਬਿਜਾਈ ਤੋਂ 15-20 ਦਿਨਾਂ ਬਾਅਦ ਇਮੇਜ਼ਥਾਪਾਇਰ 10 ਐਸ ਐਲ 300 ਮਿਲੀਲਿਟਰ ਪ੍ਰਤੀ ਏਕੜ ਦਾ ਛਿੜਕਾਅ 150 ਲਿਟਰ ਪਾਣੀ ਵਰਤ ਕੇ ਕਰੋ।

**ਨੋਟ** : ਨਦੀਨ-ਨਾਸ਼ਕ ਦੀ ਚੋਣ ਕਰਨ ਤੋਂ ਪਹਿਲਾਂ ਨਦੀਨਾਂ ਦੀ ਪਹਿਚਾਣ ਅਤੇ ਨਦੀਨ ਦੀ ਅਵਸਥਾ ਦਾ ਧਿਆਨ ਰੱਖਣਾ ਜ਼ਰੂਰੀ ਹੈ। ਹਰ ਸਾਲ ਨਦੀਨ-ਨਾਸ਼ਕਾਂ ਦਾ ਗਰੁੱਪ ਬਦਲ ਕੇ ਸਪਰੇਅ ਕਰਨੀ ਚਾਹੀਦੀ ਹੈ। ਇੱਕ ਗਰੁੱਪ ਦੇ ਨਦੀਨ-ਨਾਸ਼ਕ ਵਰਤਣ ਨਾਲ ਨਦੀਨਾਂ ਵਿੱਚ ਸਹਿਣ-ਸ਼ੀਲਤਾ ਆ ਜਾਂਦੀ ਹੈ।

ਨਦੀਨ-ਨਾਸ਼ਕ ਦੇ ਵਧੀਆ ਨਤੀਜੇ ਲੈਣ ਲਈ ਇਹ ਧਿਆਨ ਰੱਖੋ ਕਿ ਨਦੀਨ-ਨਾਸ਼ਕ ਦੀ ਸਪਰੇਅ ਸਮੇਂ ਖੇਤ ਚੰਗਾ ਵਿੱਚ ਵੱਤਰ ਹੋਵੇ ਅਤੇ ਸਪਰੇਅ ਸਵੇਰ ਜਾਂ ਸ਼ਾਮ ਸਮੇਂ ਹੀ ਕੀਤੀ ਜਾਵੇ। ਨਦੀਨਨਾਸ਼ਕ ਦੇ ਛਿੜਕਾਅ ਸਮੇਂ ਖੇਤ ਵਿੱਚ ਪਾਣੀ ਖੜ੍ਹਾ ਨਹੀਂ ਹੋਣਾ ਚਾਹੀਦਾ ਅਤੇ ਛਿੜਕਾਅ ਤੋਂ ਅਗਲੇ ਦਿਨ ਪਾਣੀ ਲਗਾਉ।



# ਪਸ਼ੂਆਂ ਵਿੱਚ ਫਾਸਫੋਰਸ ਪੋਸ਼ਕ ਤੱਤ ਦੀ ਘਾਟ ਨਾ ਆਉਣ ਦਿਓ

ਮਧੂ ਸ਼ੈਲੀ ਅਤੇ ਗੁਰਸ਼ਪ੍ਰੀਤ ਸਿੰਘ ਸੇਠੀ, ਡਾਇਰੈਕਟੋਰੇਟ ਪਸਾਰ ਸਿੱਖਿਆ (ਮੋ. 96434-42427)

**ਫਾਸਫੋਰਸ ਦੀ ਘਾਟ ਦੇ ਲੱਛਣ**

★ ਪਸ਼ੂਆਂ ਨੂੰ ਭੁੱਖ ਘੱਟ ਲੱਗਣਾ, ਪਸ਼ੂ ਦਾ ਸੁਸਤ ਹੋਣਾ ਅਤੇ ਹੌਲੀ-ਹੌਲੀ ਉਸਦਾ ਵਜਨ ਘੱਟਣਾ ।

★ ਦੁੱਧ ਦੀ ਪੈਦਾਵਾਰ ਵਿੱਚ ਕਮੀ ਆਉਣਾ ।

★ ਪਸ਼ੂ ਉਨ੍ਹਾਂ ਸਾਰੀਆਂ ਚੀਜ਼ਾਂ ਨੂੰ ਖਾਣ ਦੀ ਕੋਸ਼ਿਸ਼ ਕਰੇਗਾ ਜੋ ਉਸਨੂੰ ਨਹੀਂ ਖਾਣੀਆਂ ਚਾਹੀਦੀਆਂ । ਅਸਲ ਵਿੱਚ ਉਹ ਦੀਵਾਰ ਚੱਟ ਕੇ, ਮਿੱਟੀ ਖਾ ਕੇ ਜਾਂ ਦੂਜੇ ਪਸ਼ੂਆਂ ਦਾ ਮੂਤਰ ਚੱਟ ਕੇ ਆਪਣੀਆਂ ਫਾਸਫੋਰਸ ਦੀ ਘਾਟ ਨੂੰ ਪੂਰਾ ਕਰੇਗਾ ।

★ ਵੱਧ ਰਹੇ ਪਸ਼ੂਆਂ ਦੀ ਵਾਧਾ ਦਰ ਘੱਟ ਹੋਣੀ ਅਤੇ ਰਿਕੈਟਸ ਹੋ ਜਾਣਾ ।

★ ਫਾਸਫੋਰਸ ਦੀ ਘਾਟ ਹੋਣ ਤੇ ਪਸ਼ੂਆਂ ਦੀ ਪ੍ਰਜਨਣ ਸ਼ਮਤਾ ਤੇ ਅਸਰ ਪਵੇਗਾ ਅਤੇ ਪਸ਼ੂ ਹੀਟ ਵਿੱਚ ਨਹੀਂ ਆਵੇਗਾ ।

★ ਪਸ਼ੂਆਂ ਦੀਆਂ ਹੱਡੀਆਂ ਕਮਜ਼ੋਰ




ਹੋ ਜਾਣਗੀਆਂ । ਪਸ਼ੂਆਂ ਵਿੱਚ ਪਾਈਕਾ ਅਤੇ ਲੰਗੜਾਪਨ ਆਦਿ ਹੋਵੇਗਾ । ਇਸ ਤੋਂ ਇਲਾਵਾ ਫਾਸਫੋਰਸ ਬਫਰ ਵਜੋਂ ਕੰਮ ਕਰਦਾ ਹੈ । ਫਾਸਫੋਲਿਪਿਡਜ਼ ਅਤੇ ਫੈਟੀ ਐਸਿਡਾਂ ਦੇ ਤਬਾਦਲੇ ਵਿੱਚ ਸ਼ਾਮਲ ਹੁੰਦਾ ਹੈ, ਅਮੀਨੋ ਐਸਿਡ ਦੇ ਗਠਨ ਵਿੱਚ ਅਤੇ ਸਰੀਰਕ ਕੋਸ਼ੀਕਾਵਾਂ ਵਿੱਚ ਡੀ. ਐਨ. ਏ. ਅਤੇ ਆਰ. ਐਨ. ਏ. ਦਾ ਹਿੱਸਾ ਬਣਾਉਂਦਾ ਹੈ ।

**ਪਸ਼ੂਆਂ ਵਿੱਚ ਫਾਸਫੋਰਸ ਦੀ ਘਾਟ ਕਿਉਂ ਹੋ ਜਾਂਦੀ ਹੈ ?**

ਪਸ਼ੂਆਂ ਦੇ ਸਰੀਰ ਵਿੱਚ ਫਾਸਫੋਰਸ ਦੀ ਲੋੜੀਂਦੀ ਮਾਤਰਾ ਨਾ ਹੋਣ ਤੇ ਜਾਂ ਸਰੀਰ ਵਿੱਚ ਸਹੀ ਤਰੀਕੇ ਨਾਲ ਵਰਤੋਂ ਨਾ ਹੋਣ ਤੇ ਫਾਸਫੋਰਸ ਦੀ ਘਾਟ ਹੋ ਜਾਂਦੀ ਹੈ । ਲੱਗਭੱਗ 70 ਪ੍ਰਤੀਸ਼ਤ ਫਾਸਫੋਰਸ ਹੱਡੀਆਂ ਅਤੇ ਦੰਦਾਂ ਦੀ ਸਹੀ ਬਣਤਰ ਲਈ ਕੈਲਸ਼ੀਅਮ ਦੇ ਨਾਲ ਇਹ ਉਪਯੋਗ ਹੁੰਦਾ ਹੈ ।

★ ਪਸ਼ੂ ਚਾਰਾ ਉਗਾਉਣ ਵਾਲੀ ਜ਼ਮੀਨ ਵਿੱਚ ਫਾਸਫੋਰਸ ਦੀ ਘਾਟ ਹੋ ਜਾਵੇਗੀ ਤਾਂ ਉਸ ਜ਼ਮੀਨ ਵਿੱਚ ਉੱਗੀਆਂ ਚਾਰਾ ਫ਼ਸਲਾਂ ਵਿੱਚ ਵੀ ਫਾਸਫੋਰਸ ਦੀ ਘਾਟ ਹੋ ਜਾਵੇਗੀ ਅਤੇ ਉਨ੍ਹਾਂ ਚਾਰਾਂ ਫ਼ਸਲਾਂ ਨੂੰ ਖਾਣ ਵਾਲੇ ਪਸ਼ੂਆਂ ਵਿੱਚ ਵੀ ਫਾਸਫੋਰਸ ਦੀ ਘਾਟ ਹੋ ਜਾਵੇਗੀ ਅਤੇ ਉਪਰ ਦੱਸੇ ਸਾਰੇ ਲੱਛਣ ਦਿਖਾਈ ਦੇਣ ਲੱਗਣਗੇ ।

★ ਜੇ ਪਸ਼ੂ ਦੇ ਪਸ਼ੂ ਆਹਾਰ ਮਿਸ਼ਰਣ ਵਿੱਚ ਚੋਕਰ ਨਹੀਂ ਮਿਲਾਇਆ ਗਿਆ ਹੈ ਤਾਂ ਵੀ ਫਾਸਫੋਰਸ ਦੀ ਘਾਟ ਹੋ ਸਕਦੀ ਹੈ ।

★ ਫਾਸਫੋਰਸ ਕਿਉਕਿ ਦੁੱਧ ਵਿੱਚ ਵੀ ਹੁੰਦਾ ਹੈ ਇਸ ਲਈ ਦੁਧਾਰੂ ਪਸ਼ੂਆਂ ਦੇ ਚਾਰੇ ਦਾਣੇ ਵਿੱਚ ਸਹੀ ਮਾਤਰਾ ਤੇ ਫਾਸਫੋਰਸ ਮੌਜੂਦ ਨਾ ਹੋਣ ਤੇ ਉਨ੍ਹਾਂ ਪਸ਼ੂਆਂ ਵਿੱਚ ਫਾਸਫੋਰਸ ਦੀ ਘਾਟ ਹੋ ਜਾਂਦੀ ਹੈ ।

★ ਕਈ ਵਾਰ ਫਾਸਫੋਰਸ ਸਰੀਰ ਵਿੱਚ ਚੰਗੀ ਤਰ੍ਹਾਂ ਜ਼ਜ਼ਬ ਨਹੀਂ ਹੁੰਦਾ ਅਤੇ ਦੁਧਾਰੂ ਪਸ਼ੂਆਂ ਵਿੱਚ ਦੁੱਧ ਦੇ ਨਾਲ ਇਹ ਸ਼ਰੀਰ ਵਿੱਚੋਂ ਬਾਹਰ ਚਲਾ ਜਾਂਦਾ ਹੈ ।

★ ਗੱਬਣ ਪਸ਼ੂ ਦੀ ਦੂਜੀ ਜਾਂ ਤੀਜੀ ਤਿਮਾਹੀ ਦੇ ਦੌਰਾਨ ਭਰੂਨ ਦੇ ਵਿਕਾਸ ਲਈ ਫਾਸਫੋਰਸ ਦੀ ਲੋੜ ਵੱਧ ਜਾਂਦੀ ਹੈ ।

**ਫਾਸਫੋਰਸ ਦੀ ਘਾਟ ਤੋਂ ਬਚਾਉ ਦੇ ਤਰੀਕੇ**

★ ਚਾਰੇ ਦੀਆਂ ਫ਼ਸਲਾਂ ਉਗਾਉਂਦੇ ਸਮੇਂ ਖੇਤ ਵਿੱਚ ਸਹੀ ਮਾਤਰਾ ਵਿੱਚ ਨਾਈਟਰੋਜਨ, ਫਾਸਫੋਰਸ ਤੇ ਪੋਟਾਸ਼ੀਅਮ ਪਾਓ ।

★ ਪਸ਼ੂਆਂ ਦੇ ਲਈ ਪਸ਼ੂ ਖੁਰਾਕ ਬਨਾਉਂਦੇ ਸਮੇਂ ਉਸ ਵਿੱਚ 30-40% ਚੋਕਰ ਜ਼ਰੂਰ ਰੱਖੋ ।

★ ਪਸ਼ੂ ਖੁਰਾਕ ਬਣਾਉਂਦੇ ਸਮੇਂ ਉਸ ਵਿੱਚ 2% ਦੀ ਦਰ ਨਾਲ ਉੱਤਮ ਕੁਆਲਿਟੀ ਦਾ ਵਿਟਾਮਿਨ ਤੇ ਮਿਨਰਲ ਮਿਕਸਚਰ ਜ਼ਰੂਰ ਮਿਲਾਉ ।

★ ਪਸ਼ੂਆਂ ਨੂੰ ਬਹੁਤ ਜ਼ਿਆਦਾ ਮਾਤਰਾ ਵਿੱਚ ਕੈਲਸ਼ੀਅਮ ਦੇਣ ਤੇ ਵੀ ਫਾਸਫੋਰਸ ਦੀ ਘਾਟ ਹੋ ਜਾਂਦੀ ਹੈ, ਇਸ ਲਈ ਪਸ਼ੂਆਂ ਨੂੰ ਇਕੱਲਾ ਕੈਲਸ਼ੀਅਮ ਹੀ ਨਾ ਖਵਾਉਂਦੇ ਰਹੋ । ਪਸ਼ੂ ਦੇ ਸ਼ਰੀਰ ਵਿੱਚ ਕੈਲਸ਼ੀਅਮ ਅਤੇ ਫਾਸਫੋਰਸ ਦਾ ਸੰਤੁਲਨ ਨਾ ਹੋਣ ਤੇ ਉਸ ਨੂੰ ਓਸਟਿਓਪੋਰੋਸਿਸ (ਹੱਡੀਆਂ ਦਾ ਖੁਰਨਾ) ਹੋ ਸਕਦਾ ਹੈ ।

★ ਪਸ਼ੂਆਂ ਵਿੱਚ ਜੇ ਉਪਰ ਦੱਸੇ ਗਏ ਲੱਛਣ ਦਿਖਾਈ ਦੇਣ, ਤਾਂ ਪਸ਼ੂਆਂ ਨੂੰ ਘੱਟ ਤੋਂ ਘੱਟ ਪੰਜ ਦਿਨ ਤੱਕ ਫਾਸਫੋਰਸ ਦੇ ਇੰਜੈਕਸ਼ਨ ਲਗਵਾਉ (ਡਾਕਟਰ ਦੀ ਸਲਾਹ ਨਾਲ) ।

★ ਆਪਣੇ ਪਸ਼ੂਆਂ ਦੇ ਲਈ ਵਧੀਆ ਅਤੇ ਉੱਤਮ ਕੁਆਲਿਟੀ ਦਾ ਪਸ਼ੂ ਆਹਾਰ ਹੀ ਪ੍ਰਯੋਗ ਕਰੋ ।

★ ਗੱਬਣ ਪਸ਼ੂਆਂ ਨੂੰ ਆਖਰੀ ਤਿਮਾਹੀਂ ਦੌਰਾਨ ਜ਼ਿਆਦਾ ਫਾਸਫੋਰਸ ਨਾ ਦਿਉ ।


# ਦੁਧਾਰੂ ਪਸ਼ੂਆਂ ਲਈ ਵਰਦਾਨ – ਪਿੰਡਾਂ ਦੇ ਸਾਫ਼-ਸੁਥਰੇ ਟੋਭੇ/ਛੱਪੜ

ਅਜੈ ਸਿੰਘ ਅਤੇ ਅਜੀਤਪਾਲ ਸਿੰਘ ਧਾਲੀਵਾਲ,
ਕ੍ਰਿਸ਼ੀ ਵਿਗਿਆਨ ਕੇਂਦਰ, ਮਾਨਸਾ (ਮੋ. 98961-02398)

ਪਿੰਡਾਂ ਦੇ ਟੋਭੇ/ਛੱਪੜ ਪਸ਼ੂਧਨ, ਖਾਸ ਕਰਕੇ ਮੱਝਾਂ ਅਤੇ ਗਾਵਾਂ ਲਈ ਇੱਕ ਕੁਦਰਤੀ ਵਰਦਾਨ ਹਨ । ਪੁਰਾਤਨ ਸਮੇਂ ਦੌਰਾਨ ਟੋਭੇ/ਛੱਪੜਾਂ ਵਿੱਚ ਮੱਝਾਂ ਅਤੇ ਗਾਵਾਂ ਨੂੰ ਲੈ ਕੇ ਜਾਣਾ ਇੱਕ ਆਮ ਜਿਹੀ ਰੀਤ ਸੀ, ਪਰ ਸਮੇਂ ਦੇ ਨਾਲ-ਨਾਲ ਇਹ ਰੀਤ ਘਟਦੀ ਜਾ ਰਹੀ ਹੈ । ਪਿਆਰੇ ਪਸ਼ੂ ਪਾਲਕ ਵੀਰੋਂ ਪਸ਼ੂਆਂ ਦੀ ਕੁਝ ਸਮੱਸਿਆਵਾਂ ਦਾ ਇਲਾਜ/ਹਲ ਦਵਾਈਆਂ ਨਾਲ ਹੱਲ ਨਹੀਂ ਹੁੰਦਾ, ਪਰ ਸਾਫ਼ ਸੁਥਰੇ ਟੋਭੇ/ਛੱਪੜਾਂ ਦੀ ਵਰਤੋਂ ਨਾਲ ਇਹਨਾਂ ਸਮੱਸਿਆਵਾਂ ਤੋਂ ਛੁਟਕਾਰਾ ਮਿਲ ਸਕਦਾ ਹੈ । ਗਰਮੀ ਦੇ ਪ੍ਰਕੋਪ ਨੂੰ ਘੱਟ ਕਰਨ ਲਈ, ਡੇਅਰੀ ਫਾਰਮਿੰਗ ਦੇ ਮੁਨਾਫੇ ਨੂੰ ਵਧਾਉਣ ਲਈ ਅਤੇ ਪਸ਼ੂਆਂ ਦੀ ਸਿਹਤ ਨੂੰ ਸੁਧਾਰਨ ਵਿੱਚ ਟੋਭੇ/ਛੱਪੜਾਂ ਦੇ ਮੁੱਖ ਫਾਇਦੇ ਹੇਠ ਲਿਖੇ ਅਨੁਸਾਰ ਹਨ :

**1. ਸ਼ਰੀਰ ਦੇ ਤਾਪਮਾਨ ਦਾ ਕੰਟਰੋਲ ਕਰਨਾ (Body Temperature Regulation)** : ਮੱਝਾਂ/ਝੋਟੇ ਦਾ ਪਾਣੀ ਵਿੱਚ ਬੈਠਣਾ (ਚਿੱਕੜ/ਪਾਣੀ ਵਿੱਚ ਲੇਟਣਾ) ਉਨ੍ਹਾਂ ਦੀ ਕੁਦਰਤੀ ਆਦਤ ਹੈ ਕਿਉਕਿ ਮੱਝਾਂ/ਝੋਟੇ ਦੇ ਸਰੀਰ ਤੇ ਕਾਲੀ ਚਮੜੀ ਹੁੰਦੀ ਹੈ ਅਤੇ ਪਸੀਨਾ ਛੱਡਣ ਵਾਲੀਆਂ ਗ੍ਰੰਥੀਆਂ (sweat glands) ਬਹੁਤ ਘੱਟ ਹੁੰਦੀਆਂ ਹਨ । ਇਸ ਕਰਕੇ ਮੱਝਾਂ ਨੂੰ ਗਰਮੀ ਬਹੁਤ ਜ਼ਿਆਦਾ ਲੱਗਦੀ ਹੈ ਅਤੇ ਉਹਨਾਂ ਲਈ ਆਪਣੇ ਸਰੀਰ ਦਾ ਤਾਪਮਾਨ ਆਪ ਕਾਬੂ ਕਰਨਾ ਮੁਸ਼ਕਿਲ ਹੋ ਜਾਂਦਾ ਹੈ । ਗਰਮੀਆਂ ਦੇ ਦਿਨਾਂ ਵਿੱਚ ਪਾਣੀ ਦੇ ਛੱਪੜ ਵਿੱਚ ਬੈਠਣ ਨਾਲ ਪਸ਼ੂਆਂ ਦੇ ਸਰੀਰ ਦਾ ਤਾਪਮਾਨ ਸਹੀ ਰਹਿੰਦਾ ਹੈ, ਸਰੀਰ ਨੂੰ ਠੰਡਕ ਮਿਲਦੀ ਹੈ, ਲੂ ਅਤੇ ਗਰਮੀ ਤੋਂ ਬਚਾਅ ਅਤੇ ਗਰਮੀ ਕਾਰਨ ਹੋਣ ਵਾਲੇ ਤਣਾਅ (heat stress) ਤੋਂ ਬਚਾਅ ਰਹਿੰਦਾ ਹੈ ।

**2. ਦੁੱਧ ਦੀ ਪੈਦਾਵਾਰ ਵਧਾਉਣਾ (Higher Milk Production)** : ਜਦੋਂ ਮੱਝਾਂ ਗਰਮੀ ਤੋਂ ਪਰੇਸ਼ਾਨ ਹੁੰਦੀਆਂ ਹਨ, ਤਾਂ ਉਹ ਚਾਰਾ-ਦਾਣਾ ਘੱਟ ਕਰ ਦਿੰਦੀਆਂ ਹਨ, ਜਿਸ ਨਾਲ ਸਿੱਧਾ ਅਸਰ ਦੁੱਧ ਦੀ ਮਾਤਰਾ ਅਤੇ ਗੁਣਵੱਤਾ ਤੇ ਪੈਂਦਾ ਹੈ । ਜੇਕਰ ਮੱਝਾਂ ਨੂੰ ਦਿਨ ਵਿੱਚ 2-3 ਵਾਰ ਪਾਣੀ ਵਿੱਚ ਨਹਾਉਣ (wallowing) ਦਾ ਮੌਕਾ ਮਿਲੇ, ਤਾਂ ਉਹ



ਤੰਦਰੁਸਤ ਰਹਿੰਦੀਆਂ ਹਨ, ਪੂਰੀ ਖੁਰਾਕ ਖਾਂਦੀਆਂ ਹਨ, ਪਸ਼ੂ ਦਾ ਸਰੀਰ ਠੰਡਾ ਅਤੇ ਤਣਾਅ-ਮੁਕਤ ਰਹਿੰਦਾ ਹੈ । ਸਰੀਰ ਦਾ ਤਾਪਮਾਨ ਸਹੀ ਰਹਿਣ ਨਾਲ ਪਸ਼ੂਆਂ ਦਾ ਹਾਜ਼ਮਾ ਠੀਕ ਰਹਿੰਦਾ ਹੈ, ਜਿਸ ਨਾਲ ਦੁੱਧ ਵਿੱਚ ਫੈਟ (Fat) ਅਤੇ ਐਸ.ਐਨ.ਐਫ. (SNF) ਦੀ ਮਾਤਰਾ ਵਧੀਆ ਬਣੀ ਰਹਿੰਦੀ ਹੈ ਅਤੇ ਉਹਨਾਂ ਦੀ ਦੁੱਧ ਦੇਣ ਦੀ ਸਮਰੱਥਾ ਬਰਕਰਾਰ ਰਹਿੰਦੀ ਹੈ ।

**3. ਪ੍ਰਜਨਨ ਸ਼ਕਤੀ ਵਿੱਚ ਸੁਧਾਰ (Reproductive Success)** : ਪੰਜਾਬ ਵਿੱਚ ਡੇਅਰੀ ਦੇ ਸਹੀ ਕਾਰੋਬਾਰ ਲਈ ਮੱਝਾਂ ਦਾ ਸਮੇਂ ਸਿਰ ਗਰਭਵਤੀ ਹੋਣਾ ਬਹੁਤ ਜ਼ਰੂਰੀ ਹੈ । ਜ਼ਿਆਦਾ ਗਰਮੀ ਕਾਰਨ ਮੱਝਾਂ ਵਿੱਚ ਗਰਭ ਠਹਿਰਣ ਵਿੱਚ ਸਮੱਸਿਆ ਆ ਸਕਦੀ ਹੈ । ਖੁੱਲ੍ਹੇ ਪਾਣੀ ਦੇ ਛੱਪੜ ਵਿੱਚ ਨਹਾਉਣ ਨਾਲ ਮੱਝਾਂ ਦਾ ਹਾਰਮੋਨਲ ਸਿਸਟਮ ਠੀਕ ਰਹਿੰਦਾ ਹੈ, ਜੋ ਉਹਨਾਂ ਦੀ ਪ੍ਰਜਨਨ ਸ਼ਕਤੀ (reproductive cycle) ਨੂੰ ਸਹੀ ਰੱਖਣ ਵਿੱਚ ਮਦਦਗਾਰ ਹੈ ।

**4. ਮਨਸੂਈ ਗਰਭਦਾਨ (A.I.) ਦੀ ਸਫਲਤਾ** : ਮੱਝਾਂ ਵਿੱਚ ਗਰਮੀਆਂ ਦੌਰਾਨ ''ਸਾਈਲੈਂਟ ਹੀਟ'' (ਲੱਛਣ ਨਾ ਦਿਖਾਉਣਾ) ਦੀ ਬਹੁਤ ਸਮੱਸਿਆ ਆਉਂਦੀ ਹੈ । ਛੱਪਰ ਦੀ ਮਦਦ ਨਾਲ ਇਹ ਸਮੱਸਿਆ ਘਟਦੀ ਹੈ ਅਤੇ ਪਸ਼ੂ ਵਾਰ-ਵਾਰ ਰਹਿਣ (repeat breeding) ਤੋਂ ਬਚ ਜਾਂਦਾ ਹੈ ।

**5. ਚਮੜੀ ਦੀ ਸੰਭਾਲ ਅਤੇ ਚਿੱਚੜਾਂ ਤੋਂ ਬਚਾਅ (Skin Care and Parasite Control)** : ਛੱਪੜ ਵਿੱਚ ਨਹਾਉਣ ਵੇਲੇ ਮੱਝਾਂ ਦੇ ਸਰੀਰ ਤੇ ਮਿੱਟੀ-ਪਾਣੀ ਦੀ ਇੱਕ ਪਰਤ ਚੜ੍ਹ ਜਾਂਦੀ ਹੈ । ਇਹ ਪਰਤ ਧੁੱਪ ਦੀਆਂ ਸਿੱਧੀਆਂ ਅਤੇ ਤੇਜ਼ ਕਿਰਨਾਂ ਤੋਂ ਉਹਨਾਂ ਦੀ ਚਮੜੀ ਦਾ ਬਚਾਅ ਕਰਨ ਦੇ ਨਾਲ-ਨਾਲ ਡੰਗ ਮਾਰਨ ਵਾਲੀਆਂ ਮੱਖੀਆਂ, ਮੱਛਰਾਂ ਅਤੇ ਚਿੱਚੜਾਂ ਤੋਂ ਕੁਦਰਤੀ ਸੁਰੱਖਿਆ ਦਿੰਦੀ ਹੈ । ਇਸ ਤੋਂ ਇਲਾਵਾ ਚਿੱਕੜ ਅਤੇ ਪਾਣੀ ਨਾਲ ਚਮੜੀ ਤੇ ਲੱਗੇ ਚਿੱਚੜ ਉਤਰ ਜਾਂਦੇ ਹਨ ।

**6. ਜੋੜਾਂ ਨੂੰ ਆਰਾਮ (Joint comfort)** : ਭਾਰੀ ਜਾਂ ਗਰਭਵਤੀ ਪਸ਼ੂਆਂ ਲਈ ਪਾਣੀ ਵਿੱਚ ਖੜ੍ਹੇ ਹੋਣਾ ਉਨ੍ਹਾਂ ਦੇ ਜੋੜਾਂ ਦੇ ਦਰਦ ਨੂੰ ਘਟਾਉਂਦਾ ਹੈ ਅਤੇ ਇਹ ਉਨ੍ਹਾਂ ਲਈ ਇੱਕ ਹਲਕੀ ਕਸਰਤ ਵਾਂਗ ਕੰਮ ਕਰਦਾ ਹੈ ।

''ਸਾਫ਼ ਸੁਥਰੇ ਛੱਪੜ ਪਿੰਡ ਦੀ ਸ਼ਾਨ ਹੈ,
ਪਸ਼ੂਧਨ ਦੇ ਵਾਧੇ ਲਈ ਇੱਕ ਵਰਦਾਨ ਹੈ''

# ਪੀ.ਏ.ਯੂ.-ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਮੈਟ-ਟਾਈਪ ਨਰਸਰੀ ਅਤੇ ਝੋਨੇ ਦੀ ਮਸ਼ੀਨੀ ਲੁਆਈ ਦਾ ਪ੍ਰਦਰਸ਼ਨ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਵੱਲੋਂ ਪਿੰਡ ਰਾਜਪੁਰਾ, ਬਲਾਕ ਭਵਾਨੀਗੜ੍ਹ, ਜਿਲ੍ਹਾ ਸੰਗਰੂਰ ਦੇ ਅਗਾਂਹਵਧੂ ਕਿਸਾਨ ਭਰਾਵਾਂ ਰੋਹੀ ਸਿੰਘ, ਸਤਨਾਮ ਸਿੰਘ ਅਤੇ ਬੱਗਾ ਸਿੰਘ ਦੇ ਖੇਤ ਵਿਖੇ ਮੈਟ ਟਾਈਪ ਨਰਸਰੀ ਅਤੇ ਝੋਨੇ ਦੀ ਮਸ਼ੀਨੀ ਲੁਆਈ ਸਬੰਧੀ ਖੇਤ ਦਿਵਸ ਮਨਾਇਆ ਗਿਆ। ਜਿਸ ਦਾ ਮੁੱਖ ਉਦੇਸ਼ ਕਿਸਾਨਾਂ ਨੂੰ ਮੈਟ-ਟਾਈਪ ਨਰਸਰੀ ਉਗਾਉਣ ਦੀਆਂ ਵੱਖ-ਵੱਖ ਤਕਨੀਕਾਂ ਦਾ ਪ੍ਰਦਰਸ਼ਨ ਕਰਨਾ ਅਤੇ ਝੋਨੇ ਦੀ ਮਸ਼ੀਨੀ ਲੁਆਈ ਨੂੰ ਉਤਸਾਹਿਤ ਕਰਨਾ ਸੀ।

ਇਸ ਮੌਕੇ ਡਾ. ਮਨਦੀਪ ਸਿੰਘ, ਇੰਚਾਰਜ, ਪੀ.ਏ.ਯੂ.-ਕੇ.ਵੀ.ਕੇ., ਸੰਗਰੂਰ ਨੇ ਰਵਾਇਤੀ ਹੱਥੀਂ ਲੁਆਈ ਦੇ ਮੁਕਾਬਲੇ ਮਸ਼ੀਨੀ ਲੁਆਈ ਤਕਨੀਕ ਦੇ ਫਾਇਦੇ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਮਸ਼ੀਨੀ ਲੁਆਈ ਨਾਲ ਝੋਨੇ ਦੇ ਬੂਟਿਆਂ ਦਾ ਫਾਸਲਾ 'ਤੇ ਡੂੰਘਾਈ ਇੱਕਸਾਰ ਰਹਿੰਦੀ ਹੈ, ਖੇਤ ਵਿੱਚ ਬੂਟਿਆਂ ਦੀ ਗਿਣਤੀ ਪੂਰੀ ਰਹਿੰਦੀ ਹੈ ਅਤੇ ਝੋਨਾ ਲਾਈਨਾਂ ਵਿੱਚ ਲੱਗਦਾ ਹੈ, ਜਿਸ ਨਾਲ ਫਸਲ ਦਾ ਵਧੀਆ ਝਾੜ ਮਿਲਦਾ ਹੈ। ਉਹਨਾਂ ਦੱਸਿਆ ਕਿ ਇਸ ਤਕਨੀਕ ਨਾਲ ਪਾਣੀ ਦੀ ਬੱਚਤ ਹੁੰਦੀ ਹੈ ਅਤੇ ਖਾਦਾਂ ਅਤੇ ਕੀਟਨਾਸ਼ਕਾਂ ਦੀ ਸੁਚੱਜੀ ਵਰਤੋਂ ਹੁੰਦੀ ਹੈ। ਜਿਸ ਨਾਲ



ਝਾੜ ਵਧਾਉਂਦੀ ਹੈ।

ਉਨ੍ਹਾਂ ਨੇ ਝੋਨੇ ਦੇ ਸੀਜਨ ਦੌਰਾਨ ਮਜਦੂਰਾਂ ਦੀ ਘਾਟ ਨੂੰ ਵੱਡੀ ਸਮੱਸਿਆ ਦੱਸਦਿਆਂ ਕਿਸਾਨਾਂ ਨੂੰ ਇਹ ਤਕਨੀਕ ਅਪਣਾਉਣ ਦੀ ਅਪੀਲ ਕੀਤੀ। ਇਸ ਤੋਂ ਇਲਾਵਾ, ਖਾਦਾਂ ਦੀ ਸੁਚੱਜੀ ਵਰਤੋਂ ਬਾਰੇ ਪੀ.ਏ.ਯੂ. ਦੀਆਂ ਸਿਫਾਰਸ਼ਾਂ ਬਾਰੇ ਜਾਣਕਾਰੀ ਦਿੱਤੀ ਅਤੇ ਝੋਨੇ ਵਿੱਚ ਫਾਸਫੋਰਸ ਦੀ ਬੇਲੋੜੀ ਵਰਤੋਂ ਤੋਂ ਬਚਣ ਦੀ ਸਲਾਹ ਦਿੱਤੀ।

ਡਾ. ਸੁਨੀਲ ਕੁਮਾਰ, ਸਹਾਇਕ ਪ੍ਰੋਫੈਸਰ (ਫਾਰਮ ਮਸ਼ੀਨਰੀ) ਨੇ ਝੋਨੇ ਦੀ ਮੈਟ-ਟਾਈਪ ਨਰਸਰੀ ਉਗਾਉਣ ਦੀਆਂ ਤਿੰਨ ਵਿਧੀਆਂ ਜਿਵੇਂ ਕਿ ਫਰੇਮਾਂ ਅਤੇ ਨਰਸਰੀ ਸੀਡਰ ਦੀ ਵਰਤੋਂ ਕਰਕੇ, ਮੈਟਾਂ ਉੱਤੇ ਹੱਥੀਂ ਬੀਜ ਖਿਲਾਰ ਕੇ, ਅਤੇ ਪੀ.ਏ.ਯੂ. ਵੱਲੋਂ ਵਿਕਸਿਤ ਟਰੈਕਟਰ-ਚਾਲਿਤ ਮੈਟ-ਟਾਈਪ ਰਾਈਸ ਨਰਸਰੀ ਸੀਡਰ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਕਿਸਾਨ ਭਰਾਵਾਂ ਦੇ ਦੱਸਿਆ ਕਿ ਉਹਨਾਂ ਵੱਲੋਂ ਇਸ ਸਾਲ ਨਵੀਂ ਟਰਾਂਸਪਲਾਂਟਰ ਮਸ਼ੀਨ ਖਰੀਦੀ ਗਈ ਹੈ। ਉਹਨਾਂ ਆਪਣੇ 30 ਏਕੜ ਲਈ ਅਤੇ ਹੋਰਨਾਂ ਕਿਸਾਨਾਂ ਲਈ ਕਿਰਾਏ ਉੱਤੇ ਮਸ਼ੀਨੀ ਲੁਆਈ ਲਈ 150 ਏਕੜ ਰਕਬੇ ਲਈ ਮੈਟ ਟਾਈਪ ਪਨੀਰੀ ਤਿਆਰ ਕੀਤੀ ਹੈ। ਉਹਨਾਂ ਵੱਲੋਂ ਕਿਰਾਏ ਉੱਤੇ ਮਸ਼ੀਨੀ ਲੁਆਈ ਲਈ 5000 ਰੁਪਏ ਪ੍ਰਤੀ ਏਕੜ ਅਤੇ ਸਮੇਤ ਮੈਟ ਟਾਈਪ ਪਨੀਰੀ ਮਸ਼ੀਨੀ ਲੁਆਈ ਲਈ 6000 ਰੁਪਏ ਪ੍ਰਤੀ ਏਕੜ ਰੇਟ ਤੈਅ ਕੀਤਾ ਗਿਆ ਹੈ।

ਡਾ. ਗੁਰਬੀਰ ਕੌਰ, ਸਹਾਇਕ ਪ੍ਰੋਫੈਸਰ (ਪੌਦ ਸੁਰੱਖਿਆ) ਨੇ ਝੋਨੇ ਅਤੇ ਬਾਸਮਤੀ ਵਿੱਚ ਏਕੀਕ੍ਰਿਤ ਕੀਟ-ਰੋਗ ਪ੍ਰਬੰਧਨ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਝੋਨੇ ਵਿੱਚ ਵਾਇਰਸ ਰੋਗ ਅਤੇ ਬਾਸਮਤੀ ਵਿੱਚ ਝੰਡਾ ਰੋਗ ਦੀ ਰੋਕਥਾਮ ਬਾਰੇ ਵਿਸਥਾਰ ਨਾਲ ਦੱਸਿਆ।

ਕਿਸਾਨਾਂ ਨੇ ਮਾਹਿਰਾਂ ਨਾਲ ਖੁੱਲ੍ਹ ਕੇ ਵਿਚਾਰ-ਵਟਾਂਦਰਾ ਕੀਤਾ ਅਤੇ ਮੈਟ ਟਾਈਪ ਪਨੀਰੀ ਦੀ ਤਿਆਰੀ ਤੇ ਸੰਭਾਲ ਬਾਰੇ ਆਪਣੇ ਸਵਾਲਾਂ ਦੇ ਜਵਾਬ ਪ੍ਰਾਪਤ ਕੀਤੇ। ਕਿਸਾਨਾਂ ਨੂੰ ਸਮੇਂ ਅਤੇ ਲੇਬਰ ਦੀ ਬੱਚਤ ਲਈ ਝੋਨੇ ਦੀ ਮਸ਼ੀਨੀ ਲੁਆਈ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ।

## 'ਅਲ ਨੀਨੋ' ਅਤੇ 'ਕਮਜ਼ੋਰ ਮਾਨਸੂਨ' ਨਾਲ ਵੱਧ ਸਕਦੀਆਂ ਹਨ ਦੁੱਧ ਦੀਆਂ ਕੀਮਤਾਂ

ਦੇਸ਼ ਵਿੱਚ ਦੁੱਧ ਦੀਆਂ ਕੀਮਤਾਂ ਵਿੱਚ ਇਕ ਵਾਰ ਫਿਰ ਵਾਧਾ ਹੋ ਸਕਦਾ ਹੈ। ਡੇਅਰੀ ਉਦਯੋਗ ਨਾਲ ਜੁੜੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਜੇ ਅਲ ਨੀਨੋ ਅਤੇ ਕਮਜ਼ੋਰ ਮਾਨਸੂਨ ਦਾ ਅਸਰ ਵਧਦਾ ਹੈ, ਤਾਂ ਜੁਲਾਈ-ਅਗਸਤ ਤੱਕ ਦੁੱਧ ਦੀਆਂ ਕੀਮਤਾਂ 3 ਤੋਂ 4 ਫ਼ੀਸਦੀ ਤੱਕ ਵਧ ਸਕਦੀਆਂ ਹਨ। ਚਾਰੇ ਅਤੇ ਪਾਣੀ ਦੀ ਕਮੀ ਕਾਰਨ ਦੁੱਧ ਦੇ ਉਤਪਾਦਨ 'ਤੇ ਮਾੜਾ ਅਸਰ ਪੈਣ ਦਾ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ।

**ਮਈ ਵਿੱਚ ਹੀ ਵਧ ਚੁੱਕੀਆਂ ਹਨ ਦੁੱਧ ਦੀਆਂ ਕੀਮਤਾਂ**

ਰਿਪੋਰਟ ਮੁਤਾਬਕ ਮਈ ਮਹੀਨੇ ਵਿੱਚ ਹੀ ਕਈ ਵੱਡੀਆਂ ਡੇਅਰੀ ਕੰਪਨੀਆਂ ਨੇ ਦੁੱਧ ਦੀਆਂ ਕੀਮਤਾਂ ਵਿੱਚ 2 ਤੋਂ 3 ਫ਼ੀਸਦੀ ਵਾਧਾ ਕੀਤਾ ਸੀ। ਇਨ੍ਹਾਂ ਵਿੱਚ ਅਮੂਲ, ਮਦਰ ਡੇਅਰੀ ਅਤੇ ਪਰਾਗ ਮਿਲਕ ਫੂਡਜ਼ ਵਰਗੀਆਂ ਕੰਪਨੀਆਂ ਸ਼ਾਮਲ ਹਨ। ਦੂਜੇ ਪਾਸੇ ਤਾਮਿਲਨਾਡੂ ਦੀ ਸਰਕਾਰ ਡੇਅਰੀ ਕੰਪਨੀ ਆਵਿਨ ਨੇ ਗਰਮੀ ਅਤੇ ਹੀਟਵੇਵ ਦੇ ਅਸਰ ਕਾਰਨ ਦੁੱਧ ਦੀ ਸਪਲਾਈ ਵਿੱਚ ਕਟੌਤੀ ਕੀਤੀ ਹੈ।

**ਕਮਜ਼ੋਰ ਬਾਰਿਸ਼ ਨਾਲ ਉਤਪਾਦਨ 'ਤੇ ਅਸਰ**

ਮਾਹਰਾਂ ਦਾ ਕਹਿਣਾ ਹੈ ਕਿ ਆਮ ਨਾਲੋਂ ਘੱਟ ਬਾਰਿਸ਼ ਹੋਣ 'ਤੇ ਕਿਸਾਨਾਂ ਨੂੰ ਚਾਰੇ ਅਤੇ ਪਾਣੀ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਨਾਲ ਪਸ਼ੂਆਂ ਦੀ ਗਿਣਤੀ ਘਟਦੀ ਹੈ ਅਤੇ ਦੁੱਧ ਦਾ ਉਤਪਾਦਨ ਘੱਟ ਹੋ ਜਾਂਦਾ ਹੈ, ਜਿਸ ਦਾ ਸਿੱਧਾ ਅਸਰ ਕੀਮਤਾਂ 'ਤੇ ਪੈਂਦਾ ਹੈ।

ਪਰਾਗ ਮਿਲਕ ਫੂਡਜ਼ ਦੇ ਚੇਅਰਮੈਨ ਦੇਵੇਂਦਰ ਸ਼ਾਹ ਨੇ ਕਿਹਾ ਕਿ ਦੁੱਧ ਦੀਆਂ ਕੀਮਤਾਂ ਪਹਿਲਾਂ ਹੀ 2-3 ਫ਼ੀਸਦੀ ਵੱਧ ਚੁਕੀਆਂ ਹਨ ਅਤੇ ਜੇ ਪ੍ਰਮੁੱਖ ਦੁੱਧ ਉਤਪਾਦਕ ਖੇਤਰਾਂ ਵਿੱਚ ਬਾਰਿਸ਼ ਆਮ ਨਾਲੋਂ ਘੱਟ ਰਹੀ ਤਾਂ ਜੁਲਾਈ ਤੱਕ 3-4 ਫ਼ੀਸਦੀ ਦਾ ਵਾਧੂ ਵਾਧਾ ਸੰਭਵ ਹੈ।

**ਮਹਾਰਾਸ਼ਟਰ ਸਰਕਾਰ ਨੇ ਜਾਰੀ ਕੀਤੀ ਸਲਾਹ**

ਮਹਾਰਾਸ਼ਟਰ ਸਰਕਾਰ ਨੇ ਕਿਸਾਨਾਂ ਨੂੰ ਚਾਰਾ ਉਤਪਾਦਨ ਵਧਾਉਣ ਦੀ ਸਲਾਹ ਦਿੱਤੀ ਹੈ। ਪਸ਼ੂ ਪਾਲਣ ਵਿਭਾਗ ਦੇ ਕਮਿਸ਼ਨਰ ਕਿਰਨ ਪਾਟਿਲ ਨੇ ਕਿਹਾ ਕਿ ਅਲ ਨੀਨੋ ਕਾਰਨ ਆਉਣ ਵਾਲੇ ਸਮੇਂ ਵਿਚ ਚਾਰੇ ਦੀ ਕਮੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਇਸ ਲਈ ਕਿਸਾਨਾਂ ਨੂੰ ਹੁਣੇ ਤੋਂ ਹੀ ਫ਼ਸਲ ਅਤੇ ਪਸ਼ੂ ਖੁਰਾਕ ਦੀ ਯੋਜਨਾ ਬਣਾਉਣੀ ਚਾਹੀਦੀ ਹੈ।

**ਡੇਅਰੀ ਕੰਪਨੀਆਂ ਹਾਲਾਤ 'ਤੇ ਰੱਖ ਰਹੀਆਂ ਨੇ ਨਜ਼ਰ**

ਅਮੂਲ ਨੇ ਕਿਹਾ ਹੈ ਕਿ ਉਸ ਨੇ ਮਾਨਸੂਨ ਦੀ ਸਥਿਤੀ 'ਤੇ ਨਜ਼ਰ ਬਣਾਈ ਹੋਈ ਹੈ ਅਤੇ ਉਸ ਤੋਂ ਬਾਅਦ ਹੀ ਅੱਗੇ ਕੋਈ ਫ਼ੈਸਲਾ ਲਿਆ ਜਾਵੇਗਾ। ਰੁਜ਼ਗਾਰ ਕੋਆਪ੍ਰੇਟਿਵ ਮਿਲਕ ਮਾਰਕੀਟਿੰਗ ਫੈਡਰੇਸ਼ਨ ਦੇ ਮੈਨੇਜਿੰਗ ਡਾਇਰੈਕਟਰ (ਐੱਮ. ਡੀ.) ਜਯਨ ਮਹਿਤਾ ਨੇ ਕਿਹਾ ਕਿ ਫਿਲਹਾਲ ਅਲ ਨੀਨੋ ਦਾ ਦੁੱਧ ਦੀ ਉਪਲੱਬਧਤਾ 'ਤੇ ਕੋਈ ਵੱਡਾ ਅਸਰ ਨਹੀਂ ਦਿਖ ਰਿਹਾ ਹੈ। ਦੂਜੇ ਪਾਸੇ ਮਦਰ ਡੇਅਰੀ ਨੇ ਕਿਹਾ ਕਿ ਉਹ ਵੱਖ-ਵੱਖ ਸੂਬਿਆਂ ਵਿੱਚ ਖ਼ਰੀਦ ਕੇਂਦਰਾਂ ਦੀ ਸਥਿਤੀ ਦੀ ਲਗਾਤਾਰ ਨਿਗਰਾਨੀ ਕਰ ਰਹੀ ਹੈ ਅਤੇ ਲੋੜ ਪੈਣ 'ਤੇ ਜ਼ਰੂਰੀ ਕਦਮ ਚੁੱਕੇ ਜਾਣਗੇ।

### ਝੋਨੇ-ਕਣਕ ਦੇ ਚੱਕਰ ਤੋਂ ਬਾਹਰ ਨਿਕਲ ਦੇ

## ਲੀਚੀ ਦੀ ਕਾਸ਼ਤ ਨਾਲ ਮਾਲਾਮਾਲ ਹੋ ਰਿਹਾ ਕਿਸਾਨ

★ ਮਹਾਨਗਰਾਂ ਵਿੱਚ ਐਕਸਪੋਰਟ ਹੋ ਰਹੀ ਲੀਚੀ : ਮੁਹੰਮਦ ਹਰੀਸ

★ 70 ਫ਼ੀਸਦੀ ਪਾਣੀ ਦੀ ਹੋ ਰਹੀ ਬੱਚਤ : ਅਜੀਤ ਸਿੰਘ ਮੱਲ੍ਹੀ

ਅਕਲ ਨਾਲ ਵਾਹ ਤੇ ਰੱਜ ਕੇ ਖਾਹ, ਇਸ ਕਹਾਵਤ ਨੂੰ ਸੱਚ ਕਰ ਦਿਖਾਇਆ ਹੈ ਕਸਬਾ ਕਲਾਨੌਰ ਦੇ ਸੇਵਾ-ਮੁਕਤ ਤਹਿਸੀਲਦਾਰ ਅਜੀਤ ਸਿੰਘ ਮੱਲ੍ਹੀ ਨੇ। ਉਨ੍ਹਾਂ ਆਪਣੀ 12 ਏਕੜ ਜ਼ਮੀਨ ਵਿੱਚ 10 ਸਾਲ ਪਹਿਲਾਂ ਝੋਨੇ-ਕਣਕ ਦੇ ਰਵਾਇਤੀ ਫ਼ਸਲੀ ਚੱਕਰ ਨੂੰ ਤੋੜਦਿਆਂ ਲੀਚੀ ਦਾ ਬਾਗ ਲਗਾਇਆ ਤੇ ਨਾਲ ਹੀ ਅਮਰੂਦ ਤੇ ਆਲੂ ਬੁਖਾਰੇ ਦੀ ਇੰਟਰ ਕਰੋਪੀ ਕੀਤੀ। ਇਹ ਬਾਗ ਨਾ ਸਿਰਫ਼ ਉਨ੍ਹਾਂ ਨੂੰ ਆਰਥਿਕ ਤੌਰ 'ਤੇ ਮਾਲਾਮਾਲ ਕਰ ਰਿਹਾ ਹੈ, ਸਗੋਂ ਵਾਤਾਵਰਨ ਨੂੰ ਸ਼ੁੱਧ ਰੱਖਣ ਤੇ ਪਾਣੀ ਦੀ ਬਚਤ ਕਰਨ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਬਾਗ ਦੇ ਮਾਲਕ ਅਜੀਤ ਸਿੰਘ ਮੱਲ੍ਹੀ ਨੇ ਦੱਸਿਆ ਕਿ ਉਨ੍ਹਾਂ ਪਾਣੀ ਦੇ ਘੱਟ ਰਹੇ ਪੱਧਰ ਨੂੰ ਵਧਾਉਣ ਅਤੇ ਵਾਤਾਵਰਨ ਨੂੰ ਸ਼ੁੱਧ ਬਣਾਉਣ ਦੇ ਉਦੇਸ਼ ਨਾਲ ਇਹ ਫੈਸਲਾ ਲਿਆ। ਉਨ੍ਹਾਂ 12 ਏਕੜ ਵਿੱਚ ਲੀਚੀ ਦੇ ਬੂਟੇ ਲਗਾਏ ਤੇ ਨਾਲ ਹੀ ਵਧੀਆ ਕਿਸਮਾਂ ਦੇ ਆਲੂ ਬੁਖਾਰਾ ਤੇ ਅਮਰੂਦ ਦੇ ਬੂਟੇ ਵੀ ਲਾਏ। ਉਨ੍ਹਾਂ ਦੱਸਿਆ ਕਿ ਅਮਰੂਦ ਤੇ ਆਲੂ ਬੁਖਾਰੇ ਨੂੰ ਤਿੰਨ ਸਾਲ ਬਾਅਦ ਫ਼ਲ ਆਉਣੇ ਸ਼ੁਰੂ ਹੋ ਗਏ, ਜਦਕਿ ਲੀਚੀ ਨੂੰ ਫ਼ਲ ਸੱਤ ਸਾਲ ਬਾਅਦ ਲੱਗੇ।

ਉਨ੍ਹਾਂ ਕਿਹਾ ਕਿ ਹੁਣ ਲੀਚੀ, ਅਮਰੂਦ ਤੇ ਆਲੂ ਬੁਖਾਰਾ ਚੰਗੀ ਆਮਦਨ ਦੇ ਰਹੇ ਹਨ। ਖਾਸ ਗੱਲ ਇਹ ਹੈ ਕਿ ਇਸ ਬਾਗ ਨੂੰ ਸਿਰਫ਼ 20 ਮਾਰਚ ਤੋਂ 30 ਜੂਨ ਤੱਕ ਹੀ ਪਾਣੀ ਦਿੱਤਾ ਜਾਂਦਾ ਹੈ, ਬਾਕੀ ਸਾਲ ਭਰ ਸਿੰਚਾਈ ਦੀ ਲੋੜ ਨਹੀਂ ਪੈਂਦੀ, ਜਿਸ ਨਾਲ ਕਰੀਬ 70 ਫ਼ੀਸਦੀ ਪਾਣੀ ਦੀ ਬੱਚਤ ਹੁੰਦੀ ਹੈ। ਹਾਲਾਂਕਿ ਪਿਛਲੇ ਦਿਨੀਂ ਆਏ ਤੂਫ਼ਾਨ ਕਾਰਨ ਬਾਗ ਨੂੰ ਕਾਫ਼ੀ ਨੁਕਸਾਨ ਹੋਇਆ ਪਰ ਲੀਚੀ



ਦੀ ਪੈਦਾਵਾਰ ਦਿਨੋਂ-ਦਿਨ ਵਧ ਰਹੀ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਬਾਗਬਾਨੀ ਨੂੰ ਉਤਸ਼ਾਹਿਤ ਕਰਨ ਲਈ ਫ਼ਲਾਂ ਦੇ ਰੇਟ ਨਿਰਧਾਰਿਤ ਕੀਤੇ ਜਾਣ। ਇਸ ਬਾਗ ਨੂੰ ਅਜੀਤ ਸਿੰਘ ਨੇ ਪਿਛਲੇ ਕਾਫ਼ੀ ਸਮੇਂ ਤੋਂ ਉੱਤਰ ਪ੍ਰਦੇਸ਼ ਦੇ ਰਹਿਣ ਵਾਲੇ ਮੁਹੰਮਦ ਹਰੀਸ ਨੂੰ ਠੇਕੇ 'ਤੇ ਦਿੱਤਾ ਹੋਇਆ ਹੈ। ਇਸ ਮੌਕੇ ਠੇਕੇਦਾਰ ਮੁਹੰਮਦ ਹਰੀਸ ਨੇ ਦੱਸਿਆ ਕਿ ਗੁਰਦਾਸਪੁਰ ਦੇ ਦੀਨਾਨਗਰ ਤੇ ਤਾਰਾਗੜ੍ਹ ਏਰੀਏ ਦੀ ਲੀਚੀ ਨੂੰ ਉੱਘਾ ਮੰਨਿਆ ਜਾਂਦਾ ਹੈ ਪਰ ਕਲਾਨੌਰ ਦੇ ਇਸ ਬਾਗ ਦੀ ਲੀਚੀ ਦੀ ਵੀ ਕਲਕੱਤਾ, ਦਿੱਲੀ, ਬੰਗਲੌਰ ਤੇ ਲਖਨਊ ਵਰਗੇ ਮਹਾਂਨਗਰਾਂ ਦੇ ਅਮੀਰ ਲੋਕਾਂ ਵੱਲੋਂ ਖ਼ਾਸ ਮੰਗ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਝੱਖੋਲਾਰੀ, ਜਮਾਲਪੁਰ, ਸੁੰਦਰ ਚੱਕ ਤੇ ਚੱਕ ਮਾਧਵਾ ਆਦਿ ਪਿੰਡ ਲੀਚੀ ਦੀ ਖੇਤੀ ਵਿੱਚ ਮੋਹਰੀ ਹਨ।

### ਹੜ੍ਹਾਂ ਕਾਰਨ ਬੀਤੇ ਸਾਲ ਹੋਇਆ ਸੀ ਨੁਕਸਾਨ

ਕਿਸਾਨਾਂ ਨੇ ਦੱਸਿਆ ਕਿ ਇਸ ਵਾਰ ਲੀਚੀ ਦਾ ਝਾੜ ਅਤੇ ਰੇਟ ਵਧੀਆ ਹੋਣ ਕਾਰਨ ਫ਼ਸਲ ਲਾਹੇਵੰਦ ਸਾਬਤ ਹੋ ਰਹੀ ਹੈ, ਹਾਲਾਂਕਿ ਪਿਛਲੇ ਸਾਲ ਹੜ੍ਹਾਂ ਤੇ ਤੇਜ਼ ਹਨੇਰੀ ਕਾਰਨ ਬਾਗਾਂ ਦਾ ਵੱਡਾ ਨੁਕਸਾਨ ਹੋਇਆ ਸੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ ਕਰੀਬ ਸਾਢੇ 450 ਏਕੜ ਰਕਬੇ ਤੇ ਲੀਚੀ ਦੀ ਖੇਤੀ ਕੀਤੀ ਜਾ ਰਹੀ ਹੈ। ਇਸ ਸੰਬੰਧੀ ਬਾਗਬਾਨੀ ਵਿਭਾਗ ਦੇ ਅਧਿਕਾਰੀ ਗੁਰਮੀਤ ਸਿੰਘ ਬੱਲ ਨੇ ਦੱਸਿਆ ਕਿ ਲੀਚੀ ਦੇ ਪੌਦੇ ਦੀ ਉਮਰ 80-85 ਸਾਲ ਹੁੰਦੀ ਹੈ ਤੇ ਇਹ ਸੱਤ ਸਾਲ ਬਾਅਦ ਫ਼ਲ ਦੇਣਾ ਸ਼ੁਰੂ ਕਰਦਾ ਹੈ, ਇਸ ਲਈ ਲੀਚੀ ਦੇ ਬਾਗਾਂ ਵਿੱਚ ਅਮਰੂਦ, ਆਲੂ ਬੁਖਾਰਾ ਜਾਂ ਆੜੂ ਦੀ ਇੰਟਰ ਕਰੋਪੀ ਕੀਤੀ ਜਾਂਦੀ ਹੈ, ਤਾਂ ਜੋ ਤਿੰਨ ਸਾਲਾਂ ਤੋਂ ਹੀ ਆਮਦਨ ਸ਼ੁਰੂ ਹੋ ਜਾਵੇ। ਉਨ੍ਹਾਂ ਕਿਹਾ ਕਿ ਇਸ ਵਾਰ ਚੰਗੇ ਝਾੜ ਤੇ ਰੇਟ ਕਾਰਨ ਲੀਚੀ ਕਾਸ਼ਤਕਾਰ ਕਾਫ਼ੀ ਖੁਸ਼ ਹਨ।

RNI/42269/83 (PUNPUN00806) Postage Registered No. PB/PTA/0338/2025-2027



# ਬਰਸਾਤਾਂ ਵਿੱਚ ਅਮਰੂਦਾਂ ਦੇ ਫ਼ਲਾਂ ਨੂੰ ਕਾਣਾ ਹੋਣ ਤੋਂ ਬਚਾਓ



ਡਾ: ਸਵਰਨ ਸਿੰਘ ਮਾਨ,
ਸਾਬਕਾ ਡਿਪਟੀ ਡਾਇਰੈਕਟਰ
ਬਾਗਬਾਨੀ ਪਟਿਆਲਾ
ਮੋ: 75080-18903

ਅਮਰੂਦਾਂ ਦੇ ਫ਼ਲਾਂ ਦੀ ਨੂਈਟਰੀਸ਼ਨ ਵੈਲਿਓ ਸੇਬ ਦੇ ਫ਼ਲਾਂ ਨਾਲੋਂ ਵੀ ਜ਼ਿਆਦਾ ਹੈ। ਹਰੇਕ ਵਿਅਕਤੀ ਅਮਰੂਦ ਸਸਤਾ ਹੋਣ ਕਰਕੇ ਖਾਣਾ ਚਾਹੁੰਦਾ ਹੈ, ਜਾਂ ਘਰ ਵਿੱਚ ਬੂਟਾ ਲਾਉਣਾ ਚਾਹੁੰਦਾ ਹੈ, ਪਰ ਬਰਸਾਤਾਂ ਦੇ ਮੌਸਮ ਵਿੱਚ ਆਮ ਤੌਰ ਤੇ ਅਮਰੂਦਾਂ ਵਿੱਚ ਕੀੜਾ ਪੈ ਜਾਂਦਾ ਹੈ। ਜ਼ਿਆਦਾਤਰ ਲੋਕਾਂ ਦੀ ਧਾਰਨਾ ਹੈ ਕਿ ਅਮਰੂਦ ਦੇ ਫ਼ਲਾਂ ਦਾ ਕਾਣਾ ਹੋਣਾ, ਬੂਟੇ ਵਿੱਚ ਨੁਕਸ ਹੋਣਾ ਸਮਝਦੇ ਹਨ, ਜਿਸ ਕਰਕੇ ਬੂਟੇ ਪੁੱਟ ਦਿੰਦੇ ਹਨ, ਪਰ ਅਸਲ ਵਿੱਚ ਬੂਟਿਆਂ ਵਿੱਚ ਕੋਈ ਨੁਕਸ ਨਹੀਂ ਹੁੰਦਾ। ਇਸ ਦਾ ਮੁੱਖ ਕਾਰਨ ਇਹ ਹੈ ਕਿ ਬਰਸਾਤਾਂ ਵਿੱਚ ਜਦੋਂ ਅਮਰੂਦ ਦਾ ਫ਼ਲ ਪੱਕਣ ਲੱਗਦਾ ਹੈ ਤਾਂ ਫ਼ਲ ਦੀ ਮੱਖੀ, ਅਮਰੂਦਾਂ ਦੇ ਛਿਲਕੇ ਵਿੱਚ ਡੰਗ ਮਾਰ ਕੇ ਅੰਡੇ ਦੇ ਦਿੰਦੀ ਹੈ ਜਿਸ ਕਰਕੇ ਫ਼ਲ ਵਿੱਚ ਸੁੰਡੀਆਂ ਪੈ ਜਾਂਦੀਆਂ ਹਨ।

ਅਮਰੂਦਾਂ ਦੇ ਫ਼ਲਾਂ ਵਿੱਚ ਕੀੜੇ ਪੈਣ ਤੋਂ ਬਚਾਅ ਲਈ ਹੇਠ ਲਿਖੇ ਉਪਰਾਲੇ ਕੀਤੇ ਜਾ ਸਕਦੇ ਹਨ :-

1. ਜੇਕਰ ਆਪ ਨੇ ਗਰਮੀਆਂ ਵਾਲਾ ਫ਼ਲ ਪ੍ਰਾਪਤ ਨਹੀਂ ਕਰਨਾ ਤਾਂ ਅਪਰੈਲ ਮਹੀਨੇ ਦੇ ਅਖੀਰਲੇ ਹਫ਼ਤੇ ਟਾਹਣੀਆਂ ਦੇ ਸਿਰਿਆਂ ਤੋਂ ਇੱਕ ਫੁੱਟ ਤੱਕ ਕਟਾਈ ਕਰ ਦਿਉ, ਕਿਉਂਕਿ ਫ਼ਲ ਨਵੀਆਂ ਟਾਹਣੀਆਂ ਤੇ ਲੱਗਦਾ ਹੈ, ਟਾਹਣੀਆਂ ਕੱਟਣ ਨਾਲ ਫ਼ਲ ਨਹੀਂ ਲੱਗੇਗਾ।

2. ਜੇਕਰ ਆਪ ਨੇ ਗਰਮੀਆਂ ਵਾਲਾ ਫ਼ਲ ਨਹੀਂ ਲੈਣਾ ਤਾਂ ਘਰੇਲੂ ਪੱਧਰ ਤੇ ਮਈ ਦੇ ਅਖੀਰ ਵਿੱਚ ਜਿੰਨਾ ਬੂਟੇ ਤੇ ਫੁੱਲ ਆਇਆ ਹੈ ਉਹ ਤੋੜ ਦਿਉ। ਜੇਕਰ ਤੁਸੀਂ ਬਾਗ ਲਗਾਇਆ ਹੈ ਤਾਂ 10% ਯੂਰੀਆ ਦੀ ਸਪਰੇ ਕਰ ਸਕਦੇ ਹੋ।

3. ਜੇਕਰ ਤੁਸੀਂ ਫ਼ਲ ਨੂੰ ਆਰਗੈਨਿਕ ਤਰੀਕੇ ਨਾਲ ਪਕਾਉਣਾ ਚਾਹੁੰਦੇ ਹੋ ਤਾਂ ਪੀ. ਏ. ਯੂ. ਲੁਧਿਆਣਾ ਵੱਲੋਂ ਪੀ. ਏ. ਯੂ. ਫਰੂਟ ਫਲਾਈ ਟਰੈਪ ਖ੍ਰੀਦ ਕੇ ਜੂਨ ਦੇ ਆਖਰੀ ਹਫ਼ਤੇ ਜਾਂ ਜੁਲਾਈ ਦੇ ਪਹਿਲੇ ਹਫ਼ਤੇ ਬੂਟੇ ਤੇ ਲਟਕਾ ਸਕਦੇ ਹੋ। ਇਹ ਟਰੈਪ ਲਟਕਾਉਣ ਨਾਲ ਨਰ ਫ਼ਲ ਮੱਖੀਆਂ ਇਸ ਟਰੈਪ ਵੱਲ ਖਿੱਚੀਆਂ ਜਾਣਗੀਆਂ ਅਤੇ ਮਰ ਜਾਣਗੀਆਂ। ਇਸ ਤਰ੍ਹਾਂ ਕਰਨ ਨਾਲ ਨਰ ਮੱਖੀਆਂ ਦੀ ਮਾਦਾ ਮੱਖੀਆਂ ਨਾਲ ਮੇਟਿੰਗ ਨਹੀਂ ਹੋਵੇਗੀ। ਜਿਸ ਕਰਕੇ ਮਾਦਾ ਮੱਖੀ ਫ਼ਲ ਵਿੱਚ ਆਂਡੇ ਨਹੀਂ ਦੇ ਸਕੇਗੀ। ਇਸ ਫਰੂਟ ਫਲਾਈ ਟਰੈਪ ਦਾ ਅਸਰ ਤਕਰੀਬਨ ਡੇਢ ਮਹੀਨੇ ਤੱਕ ਰਹਿੰਦਾ ਹੈ। ਇਸ ਤੋਂ ਬਾਦ ਫਿਰ ਦੁਬਾਰਾ ਫਰੂਟ ਫਲਾਈ ਟਰੈਪ ਲਗਾਉਣੀ ਪਵੇਗੀ। ਜੇਕਰ ਤੁਸੀਂ ਘਰੇਲੂ ਪੱਧਰ ਤੇ 2-4 ਬੂਟੇ ਲਗਾਏ ਹਨ ਤਾਂ ਇੱਕ ਟਰੈਪ ਕਾਫੀ ਹੈ। ਇੱਕ ਏਕੜ ਬਾਗ ਵਿੱਚ 16 ਫਰੂਟ ਫਲਾਈ ਟਰੈਪ ਲਗਾਉਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਇਹ ਟਰੈਪ ਬਾਗਬਾਨੀ ਵਿਭਾਗ ਪੰਜਾਬ ਦੇ ਦਫ਼ਤਰ ਤੋਂ ਵੀ ਪ੍ਰਾਪਤ ਕੀਤੇ ਜਾ ਸਕਦੇ ਹਨ। ਪ੍ਰਾਈਵੇਟ ਕੀੜੇ ਮਾਰ ਦਵਾਈਆਂ ਦੀਆਂ ਦੁਕਾਨਾਂ ਤੋਂ ਵੀ ਫਰੂਟ ਫਲਾਈ ਟਰੈਪ ਪ੍ਰਾਪਤ ਕੀਤੇ ਜਾ ਸਕਦੇ ਹਨ। ਜੇਕਰ ਫ਼ਲ ਦੀ ਮੱਖੀ ਤੋਂ ਬਚਾਅ ਨਹੀਂ ਕੀਤਾ ਜਾਂਦਾ ਤਾਂ 100% ਫ਼ਲ ਵੀ ਪ੍ਰਭਾਵਤ ਹੋ ਸਕਦਾ ਹੈ। ਇਹ ਟਰੈਪ ਅਮਰੂਦਾਂ ਦੇ ਬੂਟਿਆਂ ਉੱਤੇ ਇਕ ਤੋਂ ਡੇਢ ਮੀਟਰ ਦੀ ਉਚਾਈ ਤੇ ਛਾਂ ਵਿੱਚ ਲਟਕਾਉਣੇ ਚਾਹੀਦੇ ਹਨ।

ਫਿਰ ਵੀ ਜੇਕਰ ਕੋਈ ਫ਼ਲ ਖਰਾਬ ਹੋ ਜਾਂਦੇ ਹਨ ਉਹ ਬੂਟੇ ਦੇ ਕੋਲ ਹੀ ਪਏ ਨਹੀਂ ਰਹਿਣੇ ਚਾਹੀਦੇ, ਉਹ ਚੁੱਕ ਕੇ ਦੂਰ ਇਕ ਫੁੱਟ ਡੂੰਘੇ ਟੋਏ ਵਿੱਚ ਦਬਾ ਦੇਣੇ ਚਾਹੀਦੇ ਹਨ ਜਾਂ ਕਾਲੇ ਲਿਫਾਫੇ ਵਿੱਚ ਪਾ ਕੇ ਬੰਦ ਕਰ ਕੇ ਦੂਰ ਸੁੱਟ ਦੇਣੇ ਚਾਹੀਦੇ ਹਨ। ਨਹੀਂ ਤਾਂ ਖਰਾਬ ਹੋਏ ਫ਼ਲਾਂ ਵਿੱਚੋਂ ਦੁਬਾਰਾ ਲਾਰਵਾ ਮੱਖੀਆਂ ਬਣ ਜਾਣਗੀਆਂ, ਜਿਸ ਨਾਲ ਫਿਰ ਫ਼ਲ ਕਾਣੇ ਹੋਣ ਦੀ ਸੰਭਾਵਨਾ ਵੱਧ ਜਾਵੇਗੀ।

4. ਉਕਤ ਤੋਂ ਇਲਾਵਾ ਜੂਨ ਮਹੀਨੇ ਦੇ ਅਖੀਰ ਜਾਂ ਜੁਲਾਈ ਦੇ ਪਹਿਲੇ ਹਫ਼ਤੇ ਤੱਕ ਨਾਨ ਵੂਵਨ ਲਿਫਾਫੇ ਵੀ ਫ਼ਲਾਂ ਉੱਤੇ ਚੜਾਏ ਜਾ ਸਕਦੇ ਹਨ, ਜਿਸ ਨਾਲ ਫ਼ਲ ਦੀ ਕੁਆਲਟੀ ਵੀ ਵਧੀਆ ਬਣਦੀ ਹੈ ਅਤੇ ਮਾਰਕੀਟ ਵਿੱਚ ਰੇਟ ਵੀ ਜ਼ਿਆਦਾ ਮਿਲਦਾ ਹੈ। ਇਸ ਤਰ੍ਹਾਂ ਨਾਲ ਵੀ ਫ਼ਲ ਆਰਗੇਨਿਕ ਤੌਰ ਤੇ ਤਿਆਰ ਹੋ ਸਕੇਗਾ।

5. ਜੇਕਰ ਉਕਤ ਉਪਾਅ ਆਪ ਨਹੀਂ ਕਰ ਸਕਦੇ ਤਾਂ ਜੁਲਾਈ ਦੇ ਪਹਿਲੇ ਹਫ਼ਤੇ ਤੋਂ ਫੈਨਵਲਰੇਟ 20 ਈ. ਸੀ. 2.5 ਮਿਲੀਲਿਟਰ ਦਵਾਈ ਪ੍ਰਤੀ ਲਿਟਰ ਪਾਣੀ ਵਿਚ ਪਾ ਕੇ ਹਫ਼ਤੇ-ਹਫ਼ਤੇ ਬਾਦ ਸਪਰੇਅ ਕੀਤੀ ਜਾ ਸਕਦੀ ਹੈ।

**ਸਾਵਧਾਨੀਆਂ :**

1. ਬਾਗ ਦੇ ਵਿੱਚ ਜੋ ਵੀ ਵੱਡੇ ਨਦੀਨ ਹਨ, ਉਹ ਪੁੱਟ ਦੇਣੇ ਚਾਹੀਦੇ ਹਨ, ਨਹੀਂ ਤਾਂ ਮੱਖੀਆਂ ਆਪਣਾ ਠਹਿਰਾਅ ਉੱਥੇ ਬਣਾ ਲੈਂਦੀਆਂ ਹਨ।

2. ਫੈਨਵਲਰੇਟ ਦਵਾਈ ਦੀ ਸਪਰੇਅ ਤੋਂ 3 ਦਿਨ ਬਾਦ ਹੀ ਫ਼ਲ ਤੋੜਨਾ ਚਾਹੀਦਾ ਹੈ।

3. ਜਦੋਂ ਤੁਸੀਂ ਪੀ. ਏ. ਯੂ. ਜਾਂ ਬਾਗਬਾਨੀ ਵਿਭਾਗ ਤੋਂ ਟਰੈਪ ਪੈਕਿੰਗ ਲੈ ਕੇ ਜਾਵੋਗੇ, ਤਾਂ ਪੈਕਿੰਗ ਨੂੰ ਆਪਣੇ ਬਾਗ ਜਾਂ ਬੂਟੇ ਦੇ ਕੋਲ ਹੀ ਜਾ ਕੇ ਖੋਲੋ। ਨਹੀਂ ਤਾਂ ਮੱਖੀਆਂ ਰਸਤੇ ਵਿੱਚ ਆਪ ਦੇ ਆਲੇ-ਦੁਆਲੇ ਇਕੱਠੀਆਂ ਹੋ ਜਾਣਗੀਆਂ।

4. ਮਰੀਆਂ ਹੋਈਆਂ ਮੱਖੀਆਂ ਜਦੋਂ 75% ਟਰੈਪ ਵਿੱਚ ਆ ਜਾਣ ਤਾਂ, ਮਰੀਆਂ ਹੋਈਆਂ ਮੱਖੀਆਂ ਟਰੈਪ ਵਿੱਚੋਂ ਕੱਢ ਦਿਉ। ਇੱਕ ਸਿੰਗਲ ਟਰੈਪ ਵਿੱਚ ਤਕਰੀਬਨ 6000 ਮੱਖੀਆਂ ਆ ਕੇ ਮਰ ਜਾਂਦੀਆਂ ਹਨ।

5. ਇਹ ਟਰੈਪ ਸਿਰਫ਼ ਬਾਗਾਂ ਵਾਸਤੇ ਹਨ, ਸਬਜ਼ੀਆਂ ਲਈ ਵੱਖਰੇ ਟਰੈਪ ਮਿਲਦੇ ਹਨ। ਇਕ ਟਰੈਪ ਦੀ ਕੀਮਤ ਤਕਰੀਬਨ 120/- ਰੁਪਏ ਪ੍ਰਤੀ ਟਰੈਪ ਹੈ।

ਹੋਰ ਵਧੇਰੇ ਜਾਣਕਾਰੀ ਲਈ ਤੁਸੀਂ ਆਪਣੇ ਬਲਾਕ ਦੇ ਬਾਗਬਾਨੀ ਵਿਕਾਸ ਅਫਸਰ/ਜ਼ਿਲੇ ਦੇ ਡਿਪਟੀ ਡਾਇਰੈਕਟਰ ਬਾਗਬਾਨੀ ਜਾਂ ਪੀ. ਏ. ਯੂ. ਦੇ ਕੇ. ਵੀ. ਕੇ./ਫਲ ਵਿਗਿਆਨ ਵਿਭਾਗ ਨਾਲ ਸੰਪਰਕ ਕਰ ਸਕਦੇ ਹੋ।




Crop® Chemicals
ISO 9001:2015 & 14001:2015 CERTIFIED
ਬਿਹਤਰ ਗੁਣਵੱਤਾ ਬਿਹਤਰ ਫਸਲ

ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ ਸਾਲਾਨਾ ਚੰਦਾ ਸਿਰਫ 100/- ਰੁਪਏ
KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
ਡਾਕ ਰਾਹੀਂ ਪ੍ਰਾਪਤ ਕਰਨ ਲਈ
ਇੱਕ ਸਾਲ 500/- ਰੁਪਏ
ਦੋ ਸਾਲ 800/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com